

# ਰੱਬ ਤੋਂ ਪਹਿਆਂ

ਦੀਪ ਗਗਨ

www.punjabilibrary.com

# ਤਤਕਰਾ


**ਭੂਮਿਕਾ** 4

**ਆਪਣੇ ਵੱਲੋਂ** 6

1) ਰੱਬ ਤੋਂ ਪਹਿਲਾਂ 8
2) ਮੈਂ ਤੇ ਮੇਰੀ ਤਨਹਾਈ 11
3) ਯਾਦਾਂ ਦੇ ਬੂਹੇ 14
4) ਨੰਗਾ 17
5) ਮਨ ਦਾ ਪੰਛੀ 20
6) ਰੱਬ ਲੈਣ ਆਇਆ 23
7) ਕਾਲੇ ਰੰਗ ਦੀ 27
8) ਕੌਣ ਹਮਸਫ਼ਰ 32
9) ਸੁਪਨੇ ਕਾਰਾਂ ਦੇ 34
10) ਨੀਂਦਰ ਮੇਰੀ ਸੁਪਨੇ ਤੇਰੇ 38
11) ਮਕਬਰੇ ਚੋਂ ਆਸ਼ਿਕ ਬੋਲੇ 41
12) ਰਾਤਾਂ ਦਾ ਚੰਨ 44
13) ਰੁਖ ਹਵਾਵਾਂ ਦੇ 47
14) ਲੋਹੇ ਦੇ ਘਰ 50
15) ਗੁਲਾਬੀ ਬੁੱਲ 54
16) ਇੱਕੋ ਰੰਗ ਦੇ 57
17) ਅਕਲਾਂ ਦੇ ਖੂਹ 61
18) ਇਸ਼ਕ ਹਕੀਕਤ 64


www.punjabilibrary.com

19) ਇੱਕ ਤਰਫ਼ਾ ਪਿਆਰ 67

20) ਖਿਆਲ ਨੂੰ ਸਵਾਲ 70

21) ਬਾਪ 76

22) ਕਰਮਾਂ ਮਾਰੀ 79

23) ਝੁੱਗੀਆਂ ਦੇ ਹਾਸੇ 81

24) ਚਲਾਕੀਆਂ 84

25) ਤੇਰੀ ਕਰਾਂ ਇਬਾਦਤ 87

26) ਟੁੱਟੇ ਨਸੀਬ 90

27) ਮਿੱਟੀ ਦੇ ਗਹਿਣੇ 93

28) ਮੇਰੀ ਮਾਂ ਹੀ ਮੇਰੀ ਜੰਨਤ ਹੈ 96

29) ਮੈਂ ਸੋਹਣੀ ਮੇਰਾ ਯਾਰ ਸੋਹਣਾ 99

30) ਤੇਰੇ ਵਾਸਤੇ 102

31) ਇਸ਼ਕ ਦੇ ਜਜ਼ਬਾਤ 105

32) ਤੋਹਫ਼ਾ ਜ਼ਿੰਦਗੀ ਦਾ 109

33) ਤੇਰੇ ਮੇਰੇ ਅਹਿਸਾਸ 112

34) ਹਾਂ ਮੈਂ ਸ਼ਰਮਿੰਦਾ ਹਾਂ 115

35) ਮੈਂ ਤੇ ਮੇਰੀ ਕਵਿਤਾ 119

**ਸੰਪਰਕ** 123

# ਭੂਮਿਕਾ

ਮੇਰੀ ਜ਼ਿੰਦਗੀ ਮੇਰੀਆਂ ਕਵਿਤਾਵਾਂ ਦੇ ਵਰਗੀ ਹੀ ਹੈ, ਕਿਉਂਕਿ ਮੈਂ ਜੋ ਵੀ ਲਿਖਦਾ ਹਾਂ ਜਾਂ ਤਾਂ ਮੈਂ ਉਹ ਤਜ਼ਰਬਾ ਕੀਤਾ ਹੈ ਜਾਂ ਫਿਰ ਕੁਝ ਘਟਨਾਵਾਂ ਮੇਰੇ ਨਾਲ ਹੋਈਆਂ ਨੇ। ਪਰ ਜ਼ਿਆਦਾਤਰ ਮੈਂ ਹਮੇਸ਼ਾ ਕਿਸੇ ਨਾ ਕਿਸੇ ਇਨਸਾਨ ਦੇ ਹਾਲਾਤ ਪੇਸ਼ ਕਰਨ ਦੀ ਕੋਸ਼ਿਸ ਕਰਦਾ ਹਾਂ, ਤੇ ਉਹਨਾਂ ਦੀਆਂ ਭਾਵਨਾਂਵਾ ਨੂੰ ਅੱਖਰਾਂ ਵਿੱਚ ਪਰੋ ਕੇ ਇੱਕ ਕਵਿਤਾ ਦਾ ਰੂਪ ਦੇ ਦਿੰਦਾ ਹਾਂ। ਇਹ ਸਾਰੇ ਗੁਣ ਮੈਨੂੰ ਮੇਰੇ ਪਿਤਾ ਜੀ ਕੋਲੋਂ ਵਿਰਾਸਤ ਵਿੱਚ ਹੀ ਮਿਲੇ ਹਨ। ਮੈਂ ਅੱਜ ਤੱਕ ਜਿੰਨਾ ਵੀ ਲਿਖਣਾ ਸਿੱਖਿਆ ਹੈ ਇਹ ਸਭ ਮੈਂ ਸਭ ਤੋਂ ਪਹਿਲਾਂ ਆਪਣੇ ਪਿਤਾ ਜੀ **"ਸਰਦਾਰ ਕਸ਼ਮੀਰ ਸਿੰਘ ਜੀ"** ਕੋਲੋਂ ਸਿੱਖਿਆ, ਫਿਰ ਉਸ ਤੋਂ ਬਾਅਦ ਮੇਰੇ ਵੱਡੇ ਵੀਰ ਜੀ ਜੋ ਹੁਣ ਬਹੁਤ ਸੋਹਣੀਆਂ ਕਹਾਣੀਆਂ ਤੇ ਕਵਿਤਾਵਾਂ ਲਿਖਦੇ ਹਨ, ਬਾਕੀ ਸਾਰਾ ਉਹਨਾਂ ਕੋਲੋਂ ਹੀ ਸਿੱਖਿਆ ਹੈ। ਜੋ ਕਿ ਹੁਣ **"ਪ੍ਰੀਤ ਸਿੰਘ ਭੈਣੀ"** ਦੇ ਨਾਮ ਨਾਲ ਸਾਰਿਆਂ ਕੋਲੋ ਪਿਆਰ ਬਟੋਰ ਰਹੇ ਹਨ। ਮੈਂ ਸਭ ਉਹਨਾਂ ਕੋਲੋਂ ਹੀ ਸਿੱਖਦਾਂ ਹਾਂ ਤੇ ਉਹਨਾਂ ਨੂੰ ਦੇਖ-ਦੇਖ ਕੇ ਹੀ ਸਭ ਲਿਖਦਾ ਹਾਂ, ਤੇ ਮੈਨੂੰ ਇਸ ਕਿਤਾਬ ਨੂੰ ਲਿਖਣ ਬਾਰੇ ਵੀ ਮੇਰੇ ਵੱਡੇ ਵੀਰ ਪ੍ਰੀਤ ਸਿੰਘ ਭੈਣੀ ਨੇ ਹੀ ਪ੍ਰੇਰਿਤ ਕੀਤਾ ਹੈ। ਇਹ ਮੇਰੀ ਦੂਸਰੀ ਕਿਤਾਬ ਹੈ। ਪਹਿਲੀ ਕਿਤਾਬ **"ਅੱਲ੍ਹਾ ਮੈਨੂੰ ਮਿਲਣ ਨਹੀਂ ਆਉਂਦਾ"** ਵਿੱਚ ਪ੍ਰੀਤ ਵੀਰ ਦੀ ਰਹਿਨੁਮਾਈ ਹੇਠ ਮੇਰੀਆਂ ਵੀਹ ਕਵਿਤਾਵਾਂ ਸ਼ਾਮਿਲ ਹਨ। ਸਭ ਉਹਨਾਂ ਦੀ ਮਿਹਨਤ ਸਦਕਾ ਹੀ ਅੱਜ ਮੇਰੀ ਇਹ ਕਿਤਾਬ ਲਿਖੀ ਗਈ ਹੈ, ਇਸਦਾ ਸਾਰਾ ਸ਼੍ਰੈਅ ਸਿਰਫ ਉਹਨਾਂ ਨੂੰ ਹੀ ਜਾਂਦਾ ਹੈ। ਉਹਨਾਂ ਦੀਆਂ ਕਹਾਣੀਆਂ ਵਿੱਚੋਂ ਮੇਰੀਆਂ ਸਭ ਤੋਂ ਪਸੰਦੀਦਾ ਕਹਾਣੀਆਂ ਹਨ, ਖ਼ੂਨੀ ਕਮੀਜ਼, ਬਲਬ, ਇੱਕ ਤਰਫਾ ਪਿਆਰ, ਕਾਲਾ ਗੁਲਾਬ, ਨੀਲਮ, ਮੁੱਲ ਬਾਰਾਂ ਹਜ਼ਾਰ।

ਇਹ ਸਭ ਕਹਾਣੀਆਂ ਮੈਨੂੰ ਬਹੁਤ ਪਸੰਦ ਹਨ, ਤੇ ਉਹਨਾਂ ਦੀ ਇੱਕ ਕਵਿਤਾ ਮੇਰੇ ਦਿਲ ਦੇ ਬਹੁਤ ਕਰੀਬ ਹੈ..

ਤੇਰੀ ਯਾਦ,

ਮੇਰੇ ਹੱਥਾਂ ਦੀ ਮੈਲ ਬਰਾਬਰ ਹੋ ਗਈ ਏ,

ਜੇ ਧੋ ਲਵਾਂ ਤਾਂ ਲਹਿ ਜਾਵੇ,

ਜੇ ਨਾ ਧੋਵਾਂ ਤਾਂ ਰਹਿ ਜਾਵੇ,

ਮੇਰੀ ਜਿੰਦਗੀ ਨੂੰ, ਇਹ ਢੋਹ ਗਈ ਏ,

ਤੇਰੀ ਯਾਦ,

ਮੇਰੇ ਹੱਥਾਂ ਦੀ ਮੈਲ ਬਰਾਬਰ ਹੋ ਗਈ ਏ।

www.punjabilibrary.com

# ਆਪਣੇ ਵੱਲੋਂ

ਕੁਝ ਵਿਚਾਰਾਂ ਕਰਕੇ ਬਹੁਤ ਠੇਸ ਪਹੁੰਚਦੀ ਹੈ, ਪਰ ਕੁਝ ਵਿਚਾਰ ਤੇ ਕੁਝ ਹਾਦਸੇ ਇਨਸਾਨ ਦੀ ਜਿੰਦਗੀ ਵਿੱਚ ਇਹੋ ਜਿਹਾ ਪਰਿਵਰਤਨ ਲੈ ਆਉਂਦੇ ਨੇ ਜਿਸ ਨਾਲ ਇਨਸਾਨ ਖੁਦ ਨੂੰ ਹਰ ਇੱਕ ਵਕਤ ਦੇ ਮੁਤਾਬਿਕ ਢਾਲ ਕੇ ਖੁਦ ਨੂੰ ਵਕਤ ਨਾਲ ਲੜ੍ਹਨ ਜੋਗਾ ਬਣਾ ਲੈਂਦਾ ਹੈ। ਕਿਉਂਕਿ ਸਾਨੂੰ ਹਰ ਇੱਕ ਚੀਜ਼ ਜੋ ਵੀ ਜੀਵਕ ਹੈ ਜਾਂ ਫਿਰ ਨਿਰਜੀਵਕ ਹੈ, ਉਹ ਸਾਨੂੰ ਹਰ ਵੇਲੇ ਕੁਝ ਨਾ ਕੁਝ ਸਿਖਾ ਕੇ ਜਾਂਦੀ ਹੈ। ਜਿਵੇਂ ਕਿ ਇਨਸਾਨ ਦੀ ਜਿੰਦਗੀ ਵਿੱਚ ਬਹੁਤ ਸਾਰੇ ਰਿਸ਼ਤੇ ਹੁੰਦੇ ਹਨ, ਪਰ ਸਭ ਤੋਂ ਗੂੜ੍ਹਾ ਰਿਸ਼ਤਾ ਮਾਤਾ ਅਤੇ ਪਿਤਾ ਦਾ ਜਾਣਿਆ ਜਾਂਦਾ ਹੈ, ਤੇ ਦੁਨੀਆਂ ਦਾ ਸਭ ਤੋਂ ਪਾਕ ਤੇ ਪਵਿੱਤਰ ਰਿਸ਼ਤਾ ਮਾਤਾ-ਪਿਤਾ ਦਾ ਹੀ ਮੰਨਿਆ ਜਾਂਦਾ ਹੈ ਤੇ ਇਸ ਵਿੱਚ ਕੋਈ ਸ਼ੱਕ ਵੀ ਨਹੀਂ ਹੈ। ਕਿਉਂਕਿ ਮਾਂ-ਪਿਉ ਤੋਂ ਵੱਡਾ ਕੋਈ ਅਧਿਆਪਕ ਨਹੀਂ ਹੁੰਦਾ, ਤੇ ਫਿਰ ਮਾਂ-ਪਿਉ ਤੋਂ ਬਾਅਦ ਇੱਕ ਹੋਰ ਪਵਿੱਤਰ ਰਿਸ਼ਤਾ ਹੈ ਜੋ ਕੇ ਸਾਡੇ ਜੀਵਨ ਸਾਥੀ ਦਾ ਰੂਪ ਹੁੰਦਾ ਹੈ। ਜੋ ਕਿ ਸਾਡੇ ਹਰ ਦੁੱਖ-ਸੁੱਖ ਵਿੱਚ ਸਹਾਇਕ ਬਣਦਾ ਹੈ, ਤੇ ਸਾਡੇ ਨਾਲ ਹਰ ਵਕਤ ਸਾਡੀ ਢਾਲ ਬਣ ਕੇ ਖੜ੍ਹ ਜਾਂਦਾ ਹੈ। ਇੱਕ ਰਿਸ਼ਤਾ ਸਿਰਫ ਪਿਆਰ ਦਾ ਹੁੰਦਾ ਹੈ ਜੋ ਸਾਨੂੰ ਬਹੁਤ ਕੁਝ ਸਿਖਾ ਕੇ ਜਾਂਦਾ ਹੈ, ਤੇ ਜੇ ਪਿਆਰ ਰੂਹਾਂ ਵਾਲਾ ਹੋਵੇ ਤਾਂ ਸਾਡੀ ਜਿੰਦਗੀ ਹੀ ਸਵਰ ਜਾਂਦੀ ਹੈ। ਜੇ ਪਿਆਰ ਜਿਸਮਾਂ ਤੱਕ ਸੀਮਤ ਹੋਵੇ ਤਾਂ ਜਿੰਦਗੀ ਨੂੰ ਬਰਬਾਦ ਕਰ ਦਿੰਦਾ ਹੈ।

ਇਹ ਇਸ਼ਕ ਕਰਨਾ ਵੀ ਸੌਖਾ ਨਹੀਂ ਹੁੰਦਾ ਕਿਉਂਕਿ ਕਈ ਇਨਸਾਨ ਤਾਂ ਰੱਬ ਨੂੰ ਹੀ ਐਨੀ ਸ਼ਿੱਦਤ ਨਾਲ਼ ਇਸ਼ਕ ਕਰਦੇ ਨੇ, ਕਿ ਰੱਬ ਮਜ਼ਬੂਰ ਹੋ ਜਾਂਦਾ ਉਹਨਾਂ ਨਾਲ ਇਸ਼ਕ ਕਰਨ ਨੂੰ। ਕਈ ਇਹੋ ਜਿਹੇ ਆਸ਼ਕ ਵੀ ਹੁੰਦੇ ਨੇ ਜੋ ਆਪਣੇ ਮਹਿਬੂਬ ਵਿੱਚ ਹੀ ਰੱਬ ਦੇਖਦੇ ਨੇ, ਤੇ ਰੱਬ ਉਸ ਮੁਹੱਬਤ ਨੂੰ ਵੀ ਦਿਲੋਂ ਕਬੂਲ ਕਰਦਾ ਹੈ। ਕਿਉਂਕਿ ਇਸ਼ਕ ਬਹੁਤ ਕੁਝ ਸਿਖਾ ਜਾਂਦਾ ਹੈ। ਦੁਨੀਆ ਦੀ ਹਰ ਚੀਜ਼ ਨਾਲ ਇਸ਼ਕ

ਕੀਤਾ ਜਾਵੇ ਤਾਂ ਰੱਬ ਵੀ ਸਾਨੂੰ ਇਸ਼ਕ ਕਰਨ ਤੇ ਮਜ਼ਬੂਰ ਹੋ ਜਾਵੇਗਾ। ਮੇਰੀ ਇਹ ਕਿਤਾਬ ਵੀ ਕੁਝ ਇਹੋ ਜਿਹੇ ਇਸ਼ਕ ਦੀ ਹੀ ਪਹਿਚਾਣ ਕਰਵਾਉਂਦੀ ਹੈ।

ਚੱਲ ਕਰੀਏ ਇਸ਼ਕ ਹਾਂ ਰੱਬ ਵਰਗਾ,

ਹਰ ਕਣ ਵਿੱਚ ਉਸਦਾ ਡੇਰਾ ਹੈ,

ਇਹ ਤਾਂ ਇਸ਼ਕ ਹੈ ਸੱਚਿਆਂ ਦਾ,

ਨਾ ਤੇਰਾ ਹੈ ਨਾ ਮੇਰਾ ਹੈ।

**ਦੀਪ ਗਗਨ**

## ਰੱਬ ਤੋਂ ਪਹਿਲਾਂ

ਚਾਨਣ- ਚਾਨਣ ਲੱਗਦਾ ਏ,

ਤੇਰੇ ਇਸ਼ਕ ਦਾ ਲਾਲਚ ਮਘਦਾ ਏ,

ਤੜਕੇ-ਤੜਕੇ ਨੂਰ ਤੇਰਾ,

ਨੂਰ ਕੋਈ ਜਿਵੇਂ ਰੱਬ ਦਾ ਏ,

ਹਾਲੇ ਖੁੱਲਦੀ ਅੱਖ ਤਾਂ, ਤੂੰ ਦਿਸ ਜਾਵੇਂ,

ਦੱਸ ਅੱਖ ਚੋਂ ਕਿਵੇਂ ਆਜ਼ਾਦ ਕਰਾਂ ਤੈਨੂੰ,

ਸੁਬਹਾ-ਸੁਬਹਾ ਮੇਰੇ ਯਾਰਾ ਵੇ,

ਰੱਬ ਤੋਂ ਪਹਿਲਾਂ, ਯਾਦ ਕਰਾਂ ਤੈਨੂੰ।

ਢੂੰਡਣ ਤੈਨੂੰ ਅੱਖੀਆਂ ਜਦ ਵੀ,

ਸਾਹਮਣੇ ਆ ਕੇ ਖੜ੍ਹ ਜਾਵੇਂ,

ਕੀ ਸਮੁੰਦਰ, ਕੀ ਹਵਾਵਾਂ,

ਹਰ ਸ਼ੈਅ ਦੇ ਵਿੱਚ ਹੀ ਮੜ੍ਹ ਜਾਵੇਂ,

ਵਿੱਚ ਫੁੱਲਾਂ, ਪੱਤਿਆਂ ਤੂੰ ਹੀ ਦਿਸਦੀ,

ਹਰ ਜ਼ੱਰ੍ਹੇ ਵਿੱਚ ਆਬਾਦ ਕਰਾਂ ਤੈਨੂੰ,

ਸੁਬਹਾ-ਸੁਬਹਾ ਮੇਰੇ ਯਾਰਾ ਵੇ,

ਰੱਬ ਤੋਂ ਪਹਿਲਾਂ, ਯਾਦ ਕਰਾਂ ਤੈਨੂੰ।

ਤਸਵੀਰ ਤੇਰੀ ਚੋਂ ਕੱਢ ਲਾਂ ਤੈਨੂੰ,

ਤੇ ਆਪਣੇ ਰੰਗ ਵਿੱਚ ਰੰਗ ਦੇਵਾਂ,

ਮੇਰੀ ਰੂਹ ਦਾ ਹਿੱਸਾ ਸਾਰਾ,

ਤੈਨੂੰ ਇੱਕ-ਇੱਕ ਕਰਕੇ ਵੰਡ ਦੇਵਾਂ,

ਤੂੰ ਤਾਂ ਪਾਕ ਪਵਿੱਤਰ ਅਗਨੀ,

ਮੈਂ ਤਾਂ ਬਸ ਫਰਿਆਦ ਕਰਾਂ ਤੈਨੂੰ,

ਸੁਬਹਾ-ਸੁਬਹਾ ਮੇਰੇ ਯਾਰਾ ਵੇ,

ਰੱਬ ਤੋਂ ਪਹਿਲਾਂ, ਯਾਦ ਕਰਾਂ ਤੈਨੂੰ।

ਮੈਨੂੰ ਰੱਬ ਤਾਂ ਤੂੰ ਹੀ ਲੱਗਦਾ,

ਕੁਝ ਹੋਰ ਨਜ਼ਰ ਮੈਨੂੰ ਆਵੇ ਨਾ,

ਇਬਾਦਤ ਵੀ ਮੈਂ ਤੇਰੀ ਕਰਦਾ,

ਕੋਈ ਦੂਰ ਮੈਥੋਂ ਲੈ ਜਾਵੇ ਨਾ,

ਮੇਰਾ ਇਸ਼ਕ ਤਾਂ ਬੱਚਿਆਂ ਵਰਗਾ,

ਮੈਂ ਖਿਆਲਾਂ ਵਿੱਚ ਬਸ ਲਾਡ ਕਰਾਂ ਤੈਨੂੰ,

ਸੁਬਹਾ-ਸੁਬਹਾ ਮੇਰੇ ਯਾਰਾ ਵੇ,

ਰੱਬ ਤੋਂ ਪਹਿਲਾਂ, ਯਾਦ ਕਰਾਂ ਤੈਨੂੰ।

# ਮੈਂ ਤੇ ਮੇਰੀ ਤਨਹਾਈ

ਲੁਕ-ਲੁਕ ਰੋਂਦਾ ਦਿਲ ਚੰਦਰਾ,

ਕਿਸ ਨੂੰ ਪੀੜ ਸੁਣਾਵਾਂ,

ਮੇਰਾ ਦਰਦ ਬਿਆਨ ਕਰਾਂ ਕਿੰਝ,

ਕਿਹੜੇ ਖੂਹ ਪੈ ਜਾਵਾਂ,

ਡੁੱਬ ਜਾਵਾਂ ਮੇਰਾ ਦਿਲ ਕਰਦਾ,

ਜਦ ਸਾਗਰ ਛੱਲਾਂ ਭਰਦੇ ਆ,

ਮੈਂ ਤੇ ਮੇਰੀ ਤਨਹਾਈ

ਦੋਨੋਂ ਗੱਲਾਂ ਕਰਦੇ ਆ।

ਅੰਦਰੋਂ ਤਾਂ ਚਿੱਤ ਮਰਦਾ ਜਾਵੇ,

ਆਹਾਂ ਭਰਨ ਖਿਆਲ ਮੇਰੇ,

ਕਿਹੜੀ ਗੱਲ ਤੋਂ ਰੋਵਾਂ ਮੈਂ,

ਕਰਦੇ ਤੰਗ ਸਵਾਲ ਮੇਰੇ,

ਲੋਅ ਦੇ ਵਿੱਚ ਹੁਣ ਆਉਣ ਨਾ ਦਿੰਦੇ,

ਪਰਛਾਵੇਂ ਮੇਰੇ ਡਰਦੇ ਆ,

ਮੈਂ ਤੇ ਮੇਰੀ ਤਨਹਾਈ

ਦੋਨੋਂ ਗੱਲਾਂ ਕਰਦੇ ਆ।

ਨਾ ਚੈਨ ਆਵੇ ਮੈਨੂੰ ਦਿਨ ਵੇਲੇ,

ਨਾ ਰਾਤੀ ਨੀਂਦਰ ਆਉਂਦੀ ਆ,

ਅੱਖਾਂ ਦੇ ਵਿੱਚ ਸੁਜਨ ਪੈ ਗਈ,

ਇਹ ਆਦਤ ਬੜਾ ਸਤਾਉਂਦੀ ਆ,

ਹਰ ਵੇਲੇ ਬਸ ਕੀ ਕੁਝ ਸੋਚਾਂ,

ਸੁਪਨੇ ਵੀ ਹੁਣ ਡਰਦੇ ਆ,

ਮੈਂ ਤੇ ਮੇਰੀ ਤਨਹਾਈ

ਦੋਨੋਂ ਗੱਲਾਂ ਕਰਦੇ ਆ।

ਤੈਨੂੰ ਸੋਚਾਂ ਤੈਨੂੰ ਖਿਆਲਾਂ,

ਤੈਨੂੰ ਹੀ ਬਸ ਯਾਦ ਕਰਾਂ,

ਤੈਨੂੰ ਦੇਕੇ ਹਾਸੇ ਸਾਰੇ,

ਖੁਦ ਨੂੰ ਮੈਂ ਬਰਬਾਦ ਕਰਾਂ,

ਤੇਰੀਆਂ ਕਮੀਆਂ ਖ਼ਲਦੀਆਂ ਮੈਨੂੰ,

ਪਤਾ ਨੀ ਕਿੱਦਾਂ ਜਰਦੇ ਆ,

ਮੈਂ ਤੇ ਮੇਰੀ ਤਨਹਾਈ

ਦੋਨੋਂ ਗੱਲਾਂ ਕਰਦੇ ਆ।

ਤਨਹਾਈ ਮੇਰੀ ਦੂਰ ਤੂੰ ਕਰਦੇ,

ਤੂੰ ਆਜਾ ਰਹਿ ਜਾ ਕੋਲ ਮੇਰੇ,

ਸਾਰਾ ਹੀ ਜੱਗ ਛੱਡ ਦੇਵਾਂ ਮਾਹੀ,

ਭਰ ਉਮਰ ਤੂੰ ਬਹਿ ਜਾ ਕੋਲ ਮੇਰੇ,

ਜਦ ਹੋ ਜਾਵੇਂਗਾ ਮੇਰਾ ਯਾਰਾ,

ਸਭ ਵੇਖੀ ਕਿੱਦਾਂ ਸੜਦੇ ਆ,

ਮੈਂ ਤੇ ਮੇਰੀ ਤਨਹਾਈ

ਦੋਨੋਂ ਗੱਲਾਂ ਕਰਦੇ ਆ।

## ਯਾਦਾਂ ਦੇ ਬੂਹੇ

ਤੂੰ ਮੇਰਾ ਹਿੱਸਾ,

ਮੇਰੇ ਜਿਸਮ ਤੋਂ ਵੱਖਰਾ ਨਾ,

ਕੋਈ ਹੋਰ ਇਸ਼ਕ,

ਮੇਰੇ ਇਸ਼ਕ ਤੋਂ ਤੱਕੜਾ ਨਾ,

ਲੰਬੀ ਡੋਰ ਮੁਹੱਬਤ ਦੀ,

ਟੁੱਟਦੇ ਕਦੇ ਤੰਦ ਨਹੀਂ ਹੁੰਦੇ,

ਮੇਰੇ ਸੋਹਣੇ, ਹਾਣੀਆ ਵੇ,

ਤੇਰੀ ਯਾਦਾਂ ਦੇ ਬੂਹੇ ਬੰਦ ਨੀ ਹੁੰਦੇ।

ਤੇਰੀ ਤਸਵੀਰ,

ਮੈਂ ਦੇਖਾਂ ਹਰ ਪਹਿਰ ਨੂੰ,

ਜਿਵੇਂ ਕੈਦ ਕੀਤਾ ਹੋਵੇ,

ਸੁਮੰਦਰ ਨੇ ਲਹਿਰ ਨੂੰ,

ਜਿਸਮ ਕਰੇ ਜੇ ਇਸ਼ਕ ਤਾਂ,

ਉਹ ਦੇਰਾਂ ਤੱਕ ਹੰਢ ਨੀ ਹੁੰਦੇ,

ਮੇਰੇ ਸੋਹਣੇ, ਹਾਣੀਆ ਵੇ,

ਤੇਰੀ ਯਾਦਾਂ ਦੇ ਬੂਹੇ ਬੰਦ ਨੀ ਹੁੰਦੇ।

ਤੇਰੇ ਹਾਸੇ ਚੇਤੇ ਨੇ,

ਤੇਰੀ ਹਰ ਗਲ ਦਿਲ ਵਿੱਚ ਵੜਦੀ ਏ,

ਤੇਰੀ ਤੱਕਣੀ ਬੜੀ ਮਸੂਮ ਜਿਹੀ,

ਮੇਰਾ ਆਣ ਕਲੇਜ਼ਾ ਫੜਦੀ ਏ,

ਜੋ ਕਤਲ ਇਸ਼ਕ ਦਾ ਕਰ ਦੇਵੇ,

ਕੋਈ ਬਣੇ ਏਹੋ ਜਿਹੇ ਸੰਦ ਨੀ ਹੁੰਦੇ,

ਮੇਰੇ ਸੋਹਣੇ, ਹਾਣੀਆ ਵੇ,

ਤੇਰੀ ਯਾਦਾਂ ਦੇ ਬੂਹੇ ਬੰਦ ਨੀ ਹੁੰਦੇ।

ਤਾਲਾ ਦਿਲ ਨੂੰ ਲਾਇਆ,

ਤੇ ਚਾਬੀ ਗਈ ਗਵਾਚ ਕਿਤੇ,

ਤੇਰੇ ਬਿਨ ਤਾਂ ਸਾਹ ਨੀ ਆਉਂਦੇ,

ਲੱਗਦਾ ਹਾਂ ਮੈਂ ਲਾਸ਼ ਕਿਤੇ,

ਤੇਰੇ ਜ਼ਿਕਰ ਮੈਥੋਂ ਯਾਰਾ,

ਹੋਰਾਂ ਨਾਲ ਵੰਡ ਨੀ ਹੁੰਦੇ,

ਮੇਰੇ ਸੋਹਣੇ, ਹਾਣੀਆ ਵੇ,

ਤੇਰੀ ਯਾਦਾਂ ਦੇ ਬੂਹੇ ਬੰਦ ਨੀ ਹੁੰਦੇ।

ਤੈਨੂੰ ਸੋਚੀ ਜਾਵਾਂ,

ਰੱਬ ਵੀ ਭੁੱਲਿਆ ਲੱਗਦਾ ਏ,

ਮੇਰੇ ਅੰਦਰ ਇਸ਼ਕ ਦਾ ਭਾਂਬੜ,

ਤੇਰੀ ਯਾਦ ਦਾ ਲਾਵਾ ਵਗਦਾ ਏ,

ਜੋ ਕਸਮਾਂ ਵਾਦੇ ਝੂਠੇ ਕਰਦੇ,

ਦੁਨੀਆ ਦੇ ਉਹ ਰੰਗ ਨੀ ਹੁੰਦੇ,

ਮੇਰੇ ਸੋਹਣੇ, ਹਾਣੀਆ ਵੇ,

ਤੇਰੀ ਯਾਦਾਂ ਦੇ ਬੂਹੇ ਬੰਦ ਨੀ ਹੁੰਦੇ।

# ਨੰਗਾ

ਨੰਗਾ ਜਿਸਮ,ਨੰਗੀ ਰੂਹ,

ਨੰਗੀ ਹੋ ਗਈ ਤੇਰੀ ਸੋਚ,

ਨੰਗੇ ਤੇਰੇ ਬੋਲ ਹੋ ਗਏ,

ਹੋਰਾਂ ਔਗੁਣ ਨੋਚ,

ਖੁਦ ਨੂੰ ਵੇਖੇ ਕੱਪੜੇ ਦੇ ਵਿੱਚ,

ਹੋਰਾਂ ਨੂੰ ਅਣਬਾਣਾ,

ਨੰਗਾ ਆਇਆ ਮਿੱਟੀ ਬਣਕੇ,

ਨੰਗਿਆ ਹੀ ਏ ਜਾਣਾ।

ਔਰਤ ਤੈਨੂੰ ਨੰਗੀ ਦਿਸਦੀ,

ਵੇਖ ਨਜ਼ਰੀਏ ਖੁਦ ਤੇ,

ਛੋਟੇ ਕੱਪੜੇ ਮਾੜੇ ਦੱਸਦਾ,

ਪਰਦਾ ਪਾਇਆ ਬੁੱਧ ਤੇ,

ਗੰਦੀ ਨਜ਼ਰ ਤੂੰ ਬੰਨ ਕੇ ਆਪਣੀ,

ਦੇਖੇਂ ਸਵੱਪਣ ਸੁਹਾਣਾ,

ਨੰਗਾ ਆਇਆ ਮਿੱਟੀ ਬਣਕੇ,

ਨੰਗਿਆ ਹੀ ਏ ਜਾਣਾ।

ਚਾਰ ਪੈਸਿਆਂ ਮਾਣ ਕਰੇ ਤੂੰ,

ਮਹਿੰਗੇ ਕੱਪੜੇ ਪਾ ਕੇ,

ਪੈਰ ਵੀ ਆਪਣੇ ਢੱਕ ਲੇ ਤੂੰ ਤਾਂ,

ਗਰੀਬਾਂ ਪੈਰੋਂ ਲੁਹਾ ਕੇ,

ਖੁਦ ਦੇ ਪਾ ਕੇ ਮਹਿਲ ਮੁਨਾਰੇ,

ਝੌਂਪੜ ਕਰੇਂ ਰਵਾਣਾ,

ਨੰਗਾ ਆਇਆ ਮਿੱਟੀ ਬਣਕੇ,

ਨੰਗਿਆ ਹੀ ਏ ਜਾਣਾ।

ਇੱਕ ਤਾਂ ਮਾਣ ਜਵਾਨੀ ਵਾਲਾ,

ਹੋਇਆ ਭਾਰ ਦਿਮਾਗਾਂ ਤੇ,

ਜਿਸਮ ਦੀ ਭੁੱਖ ਨੇ ਨੰਗਾ ਕੀਤਾ,

ਸਭ ਚੋਰਾਂ ਤੇ ਸਭ ਸਾਧਾਂ ਤੇ,

ਰੰਗ ਬਿਰੰਗੇ ਵੇਸ ਬਣਾ ਕੇ,

ਲੈਂਦੇ ਬਦਲ ਟਿਕਾਣਾ,

ਨੰਗਾ ਆਇਆ ਮਿੱਟੀ ਬਣਕੇ,

ਨੰਗਿਆ ਹੀ ਏ ਜਾਣਾ।

ਗਗਨ ਸਿਆਂ ਹੈਂ ਮਿੱਟੀ ਤੂੰ ਵੀ,

ਔਗੁਣ ਬਹੁਤੇ ਫੋਲੀਂ ਨਾ,

ਨੰਗਾ ਏਥੇ ਹਰ ਇੱਕ ਹਿੱਸਾ,

ਸਭ ਮਿੱਟੀ ਨੇ, ਟੋਲ਼ੀ ਨਾ,

ਕਣ-ਕਣ ਮਿੱਟੀ, ਕਣ-ਕਣ ਨੰਗਾ,

ਕਣ ਕਣ ਰੱਬ ਦਾ ਭਾਣਾ,

ਨੰਗਾ ਆਇਆ ਮਿੱਟੀ ਬਣਕੇ,

ਨੰਗਿਆ ਹੀ ਏ ਜਾਣਾ।

## ਮਨ ਦਾ ਪੰਛੀ

ਸਭ ਵੇਖ ਹਸੀਨ ਸਦਾਵਾਂ,

ਇਹ ਫੁੱਲਾਂ ਵਾਲੀਆਂ ਰਾਹਵਾਂ,

ਕਦੀ ਨਦੀਆਂ ਨੂੰ ਮਜ਼ਾਕ ਕਰਾਂ,

ਕਦੀ ਲੰਘ ਜਾ ਮੈਂ ਦਰਿਆਵਾਂ,

ਕਦੇ ਰਾਹੀਂ ਪੈ ਜਾ ਜੰਗਲਾਂ ਦੇ

ਕਦੇ ਵੇਖ ਪਹਾੜਾਂ ਚੜ੍ਹ ਕੇ,

ਮੈਂ ਮੀਂਹ ਦੇ ਵਿੱਚ ਜਦ ਨੱਚਦੀ,

ਮਰ ਜਾਂਦੇ ਬੱਦਲ ਸੜ੍ਹ ਕੇ,

ਪਰ ਕਦੇ-ਕਦੇ ਇਹ ਦਿਲ ਚੰਦਰਾ,

ਕੱਲਾ ਬਹਿ ਕੇ ਹੀ ਇਹ ਰੋਂਦਾ ਏ,

ਮੇਰੇ ਮਨ ਦਾ ਪੰਛੀ,

ਖੰਭ ਲਗਾ ਕੇ ਉੱਡਣਾ ਚਾਹੁੰਦਾ ਏ।

ਵਾਂਗ ਟਟੀਹਰੀ ਜਾਗਾਂ ਮੈਂ,

ਸੂਰਜ ਤੋਂ ਪਹਿਲਾਂ ਉੱਠ ਜਾਵਾਂ,

ਕਦੇ ਚੰਨ ਦੇ ਵਾਗੂੰ ਚਮਕਾ ਮੈਂ,

ਕਦੇ ਤਾਰਿਆਂ ਵਾਗੂੰ ਟੁੱਟ ਜਾਵਾਂ,

ਸਤਰੰਗੀ ਪੀਂਘ ਅਸਮਾਨਾਂ ਦੀ,

ਮੈਨੂੰ ਰੰਗਾਂ ਵਿਚ ਹੈ ਰੰਗ ਲੈਂਦੀ,

ਕਦੇ ਪੱਤਿਆਂ ਵਾਗੂੰ ਝੜ੍ਹ ਜਾਵਾਂ,

ਕਦੇ ਵੇਲਾਂ ਵਾਗੂੰ ਟੰਗ ਲੈਂਦੀ,

ਜਦ ਵੇਖਾਂ ਸਾਰੀ ਕੁਦਰਤ ਨੂੰ,

ਮਨ ਸੁਪਨੇ ਬੜੇ ਸਜਾਉਂਦਾ ਏ,

ਮੇਰੇ ਮਨ ਦਾ ਪੰਛੀ,

ਖੰਭ ਲਗਾ ਕੇ ਉੱਡਣਾ ਚਾਹੁੰਦਾ ਏ।

ਜਦ ਆਸਾਂ ਵਾਲੀ ਦੁਨੀਆ ਦੇ,

ਕਰ ਸੱਚ ਵਖਾਉਣਾ ਖੁਆਬਾਂ ਨੂੰ,

ਜਦ ਸਵਾਲ ਮੇਰੇ ਸਭ ਮੇਰੇ ਨੇ,

ਕੀ ਕਰਨਾ ਹੋਰ ਜੁਆਬਾਂ ਨੂੰ,

ਕਦੇ ਲਹਿਰਾਂ ਵਾਗੂੰ ਲਹਿਰਾ ਮੈਂ,

ਕਦੇ ਮਾਰ ਉਡਾਰੀ ਜਾਵਾਂ ਮੈਂ,

ਬਸ ਉਹੀ ਦੁਨੀਆ ਮੇਰੀ ਏ,

ਬਸ ਉਹਨਾਂ ਰਾਹੀਂ ਆਵਾਂ ਮੈਂ,

ਸਭ ਕੁਦਰਤ ਹੋ ਜਾਏ ਮੇਰੀ ਏ,

ਮੇਰੇ ਮਨ ਨੂੰ ਲਾਲਚ ਭਾਉਂਦਾ ਏ,

ਮੇਰੇ ਮਨ ਦਾ ਪੰਛੀ,

ਖੰਭ ਲਗਾ ਕੇ ਉੱਡਣਾ ਚਾਹੁੰਦਾ ਏ।

## ਰੱਬ ਲੈਣ ਆਇਆ

ਤੂੰ ਕੀ ਕੀਤਾ,

ਮੈਂ ਹੱਜ ਕੀਤਾ,

ਕੀ, ਥੋੜਾ ਕੀਤਾ,

ਨਹੀਂ, ਰੱਜ ਕੀਤਾ,

ਕੀ ਪਾਇਆ ਮੈਂ,

ਬੜਾ ਖੋਇਆ ਤੂੰ,

ਬਿਨ ਮੇਰੇ ਹਾਂ,

ਬਸ ਮੋਇਆ ਤੂੰ,

ਕੀ, ਜੰਨਤ ਵੇਖੀ,

ਮਾਂ ਦੇ ਪੈਰਾਂ 'ਚ,

ਕੁਝ ਲੱਭਿਆ ਤੂੰ,

ਮਾਂ ਦੀਆਂ ਖੈਰਾਂ 'ਚ,

ਤੂੰ ਹੱਸਦਾ ਏ,

ਨਹੀਂ, ਰੋਂਦਾ ਹਾਂ,

ਕਦੀ ਸੁਪਨੇ ਦੇਖੇ,

ਜਦ ਸੌਂਦਾ ਹਾਂ,

ਪਹਿਚਾਣਿਆ ਤੂੰ ਮੈਨੂੰ,

ਮੈਂ ਨਹੀਂ ਜਾਣਦਾ,

ਮੈਂ ਰੱਬ ਹਾਂ ਆਇਆ,

ਤੂੰ ਤੇ ਮੇਰੇ ਹਾਣਦਾ,

ਚੱਲ ਫਿਰ ਚੱਲੀਏ,

ਕਿੱਥੇ ਲੈ ਕੇ ਚੱਲਿਆ,

ਜੰਨਤ ਦਾ ਰਾਹ,

ਖਾਸ ਤੇਰੇ ਲਈ ਮੱਲਿਆ,

ਨਾ ਲੈ ਕੇ ਜਾ ਤੂੰ,

ਮੇਰੀ ਪੈਣੀ ਏਥੇ ਥੋੜ,

ਜੇ ਤੂੰ ਸੱਚੀ ਰੱਬ ਹੈਂ,

ਮੇਰੀ ਕੀ ਫਿਰ ਲੋੜ,

ਦਿਨ ਹੋਰ ਰਹਿਣ ਦੇ,

ਤੂੰ ਵੀ ਕੋਲ ਮੇਰੇ ਰਹਿ ਜਾ,

ਤੈਨੂੰ ਪੀੜ ਮੈਂ ਸੁਣਾਵਾਂ,

ਕੋਲ ਮੇਰੇ ਬਹਿ ਜਾ,

ਤੂੰ ਵੀ ਰੋਣਾ ਜਦ ਸੁਣਿਆ,

ਮੇਰੀ ਤਕਲੀਫ ਨੂੰ,

ਖੁਦ ਹੋਜੂ ਮਜ਼ਬੂਰ ਤੂੰ,

ਸਿੱਧੀ ਕਰ ਦੇਂਗਾ ਲੀਕ ਨੂੰ,

ਸਭ ਜਾਣਦਾ ਹਾਂ ਮੈਂ,

ਰੱਬ ਐਂਵੇ ਨਹੀਂ ਬੋਲਦੇ,

ਬਿਨ ਬੋਲਿਆਂ ਮੈਂ ਜਾਣਾ,

ਜੋ ਲੁੱਕ-ਲੁੱਕ ਖੋਲਦੇ,

ਤੇਰਾ ਵਕਤ ਹੈ ਆਇਆ,

ਮੁੱਲ ਕਰਮਾਂ ਦਾ ਪਾਇਆ ਮੈਂ,

ਤੇਰੀ ਰੂਹ ਮੇਰੇ ਵਰਗੀ,

ਤਾਂਹੀ ਖੁਦ ਲੈਣ ਆਇਆ ਮੈਂ,

ਚੱਲ ਉੱਠ ਹੁਣ ਚੱਲੀਏ,

ਛੱਡ ਦੁਨੀਆ ਦਿਖਾਵੇ ਨੂੰ,

ਤੂੰ ਏਂ ਅੰਗ ਹਿੱਸੇ ਮੇਰੇ ਦਾ,

ਛੱਡ ਤੁਰ ਤੂੰ ਛਲਾਵੇ ਨੂੰ,

ਮੇਰੇ ਵਿੱਚ ਤੂੰ ਸਮਾਉਣਾ ਏ,

ਜਿੰਦ ਛੁੱਟ ਜਾਣੀ ਗੇੜੇ ਚੋਂ,

ਸਭ ਝੂਠ ਤੈਨੂੰ ਲੱਗਣਾ,

ਤੈਨੂੰ ਮੈਂ ਦਿਸੂੰ ਤੇਰੇ ਚੋਂ,

ਰੱਬਾ ਉੱਠ ਫਿਰ ਚੱਲੀਏ,

ਮੈਨੂੰ ਗੇੜਾਂ ਚੋਂ ਛੁਡਾ ਲੈ,

ਤੇਰੇ ਵਿੱਚ ਬਸ ਰੱਚ ਜਾ,

ਵਿੱਚ ਆਪਣੇ ਸਮਾ ਲੈ,

ਵਿੱਚ ਆਪਣੇ ਸਮਾ ਲੈ।

## ਕਾਲੇ ਰੰਗ ਦੀ

ਨੱਕ ਤੀਰ ਵਰਗਾ,

ਅੱਖਾਂ ਸ਼ਾਮ ਰੰਗੀਆਂ,

ਸੜ-ਸੜ ਕੇ ਹਵਾਵਾਂ,

ਓਥੋਂ ਜਾਣ ਲੰਘੀਆਂ,

ਉੱਠੇ ਕਬਰਾਂ ਚੋਂ ਜਦੋਂ,

ਵੇਖ ਜਾਗ ਉਹਨੂੰ ਮੁਰਦੇ,

ਵੇਖ ਕੇ ਹੁਸਨ ਓਹਦਾ,

ਸਾਰੇ ਨਾਲ-ਨਾਲ ਤੁਰਦੇ,

ਪਰ ਕਰਦੀ ਸ਼ਰਮ ਉਹ,

ਬਹੁਤਾ ਹੀ ਆ ਸੰਗ ਦੀ,

ਰਾਤ ਚਾਨਣੀ ਤੋਂ ਪਿਆਰੀ ਲੱਗੇ,

ਸੋਹਣੀ ਅੱਲ੍ਹੜ ਕਾਲੇ ਰੰਗ ਦੀ।

ਪੈਰੋਂ-ਪੈਰੀਂ ਤੁਰੀ ਜਾਵੇ,

ਰਾਹਾਂ ਉੱਤੇ ਕਹਿਰ ਢਾਹਵੇ,

ਕਤਲ ਨਾ ਹੋਜੇ ਕੋਈ,

ਕੋਈ ਜ਼ਹਿਰ ਹੀ ਨਾ ਖਾਵੇ,

ਉੱਤੋਂ ਫੁੱਲਾਂ ਵਾਲੇ ਸੂਟ ਨੇ,

ਚਾਰ ਚੰਨ ਲਾਏ ਨੇ,

ਕੰਨੀ ਮੋਤੀ ਵਾਲੇ ਝੁਮਕੇ,

ਰੌਲੇ ਝਾਂਜਰਾਂ ਦੇ ਪਾਏ ਨੇ,

ਟੌਹਰ ਕੱਢੀ ਇੰਝ ਲੱਗਦਾ,

ਤਿਆਰੀ ਕੀਤੀ ਜਿਵੇਂ ਜੰਗ ਦੀ,

ਰਾਤ ਚਾਨਣੀ ਤੋਂ ਪਿਆਰੀ ਲੱਗੇ,

ਸੋਹਣੀ ਅੱਲ੍ਹੜ ਕਾਲੇ ਰੰਗ ਦੀ।

ਰਾਹਾਂ ਫੁੱਲ ਨੇ ਵਿਛਾਏ,

ਮੀਂਹ ਕਰਦਾ ਤਾਰੀਫ਼ ਆ,

ਤੱਕੇ ਚੋਰੀ ਅਸਮਾਨ ਵੀ,

ਜਿਵੇਂ ਬਾਹਲਾ ਹੀ ਸ਼ਰੀਫ ਆ,

www.punjabilibrary.com

ਰੰਗ ਮੱਸਿਆ ਦੇ ਵਰਗਾ,

ਵਾਲ ਕੱਕੇ ਜਿਵੇਂ ਗੁੱਜਰੀ,

ਇਹ ਰੇਸ਼ਿਆਂ ਦੀ ਡੋਰ,

ਜਾਵੇ ਰੁੱਖਾਂ ਉੱਤੋਂ ਉੱਧੜੀ,

ਜਿਵੇਂ ਮਾਰੂਥਲ ਪਿਆਸਿਆਂ ਤੋਂ,

ਪਾਣੀ ਨਦੀ ਵੀ ਏ ਮੰਗ ਦੀ,

ਰਾਤ ਚਾਨਣੀ ਤੋਂ ਪਿਆਰੀ ਲੱਗੇ,

ਸੋਹਣੀ ਅੱਲ੍ਹੜ ਕਾਲੇ ਰੰਗ ਦੀ।

ਕਿੰਨੀ ਸਿਫਤ ਮੈਂ ਕਰਲਾਂ,

ਸਭ ਸਿਫਤਾਂ ਨੇ ਥੋੜੀਆਂ,

ਸਾਰੀ ਕੁਦਰਤ ਨੇ,

ਪ੍ਰੀਤਾਂ ਓਸੇ ਨਾਲ ਜੋੜੀਆਂ,

ਸਾਰੀ ਦੁਨੀਆਂ ਤੋਂ ਸੋਹਣੀ,

ਜਿਵੇਂ ਰੀਝਾਂ ਨਾਲ ਬਣਾਈ ਆ,

ਉਹ ਰੱਬ ਦਾ ਹੀ ਨੂਰ ਕੋਈ,

ਜਿਵੇਂ ਓਹਦੀ ਪਰਛਾਈ ਆ,

ਉਹਨੂੰ ਖੁਦ ਵੀ ਕਦਰ ਨਾ,

ਰੰਗ ਗੋਰਾ ਜਾਵੇ ਮੰਗ ਦੀ,

ਰਾਤ ਚਾਨਣੀ ਤੋਂ ਪਿਆਰੀ ਲੱਗੇ,

ਸੋਹਣੀ ਅੱਲ੍ਹੜ ਕਾਲੇ ਰੰਗ ਦੀ।

ਲਿਖ ਦੇਵਾਂ ਮੈਂ ਕਹਾਣੀ ਕੋਈ,

ਉਹਦੇ ਮੇਰੇ ਨਾਮ ਦੀ,

ਮੈਨੂੰ ਆਪਣਾ ਬਣਾ ਕੇ ਉਹ,

ਭੁੱਲੇ ਖਬਰ ਜਹਾਨ ਦੀ,

ਲੱਗੇ ਰੱਬ ਨੇ ਉਹਨੂੰ ਖਾਸ,

ਬਸ ਮੇਰੇ ਲਈ ਬਣਾਇਆ ਏ,

ਮੇਰੀ ਜਿੰਦਗੀ ਦਾ ਅੱਧ ਹੋਜੇ,

ਜੋ ਵੀ ਮੇਰਾ ਸਭ ਚਾਹਿਆ ਏ,

ਕਰਾਂ ਸਭ ਕੁਰਬਾਨ ਮੈਂ,

ਹੋਰ ਗੱਲ ਹੁੰਦੀ ਨਹੀਂ ਢੰਗ ਦੀ,

ਰਾਤ ਚਾਨਣੀ ਤੋਂ ਪਿਆਰੀ ਲੱਗੇ,

ਸੋਹਣੀ ਅੱਲ੍ਹੜ ਕਾਲੇ ਰੰਗ ਦੀ।

## ਕੌਣ ਹਮਸਫ਼ਰ, ਕੌਣ ਏ ਰਾਹੀ

ਕੌਣ ਹਮਸਫ਼ਰ ਏਥੇ ਕੌਣ ਏ ਰਾਹੀ,

ਜ਼ਿੰਦਗੀ ਏ ਜ਼ਾਲਮ ਵਿੱਚ ਲਾਲ ਸ਼ਿਆਹੀ,

ਮੁਕੱਦਰਾਂ ਦੇ ਪੱਲੇ ਸਭ ਛੱਡ ਤੁਰ ਗਏ ਨੇ,

ਮੇਰੇ ਲੇਖਾਂ ਤੇ ਲ਼ਕੀਰਾਂ ਉਹ ਲੈ ਰੁੜ ਗਏ ਨੇ,

ਪਤਾ ਹੀ ਨਾ ਲੱਗਾ ਇਹ ਰੰਗ ਜਿਹੜੇ ਕਾਲੇ ਨੇ,

ਰੂਹ ਮੁੱਕ ਗਈ ਬਸ ਜਿਸਮ ਹੀ ਗ਼ਾਲੇ ਨੇ,

ਮੌਤ ਵੀ ਨਾ ਆਵੇ ਕੌਣ ਕੈਦ ਤੋਂ ਛੁਡਾਵੇਗਾ,

ਰੱਬੀ ਰੂਪ ਮੰਨ ਮੈਨੂੰ ਗਲ ਨਾਲ ਲਾਵੇਗਾ,

ਓਹੀ ਰੂਪ ਸੱਚ ਦਾ ਮੈਂ ਲੱਭਦੀ ਆਂ ਫਿਰਦੀ,

ਜਿਸਮ ਏ ਜਿਉਂਦਾ ਵਿੱਚੋਂ ਮਰੀ ਬੜੇ ਚਿਰ ਦੀ,

ਇੱਕ ਹਮਰਾਹੀ ਕੋਈ ਇਨ੍ਹਾਂ ਲ਼ੀਕਾਂ ਨੂੰ ਬਦਲਦੇ,

ਪਿਆਰ ਵਾਲੇ ਹੰਝੂ ਬਣ ਮੇਰੀ ਚੀਖਾਂ ਨੂੰ ਬਦਲਦੇ,

ਮਾਹੀ ਆਵੇ ਕੋਈ ਮੈਨੂੰ ਰੂਹ ਜਿਹੀ ਬਣਾ ਲਵੇ,

ਮੇਰੀ ਤਕਦੀਰ ਨਾਮ ਆਪਣੇ ਕਰਾ ਲਵੇ,

ਇੱਕੋ ਏ ਉਮੀਦ ਬੱਸ ਇੱਕੋ ਆਸ ਚਾਹੀ,

ਕੌਣ ਹਮਸਫ਼ਰ ਏਥੇ ਕੌਣ ਏ ਰਾਹੀ,

ਜ਼ਿੰਦਗੀ ਏ ਜ਼ਾਲਮ ਵਿੱਚ ਲਾਲ ਸ਼ਿਆਹੀ।

www.punjabilibrary.com

## ਸੁਪਨੇ ਕਾਰਾਂ ਦੇ

ਮੇਰਾ ਬਚਪਨ ਫੁੱਲਾਂ ਵਰਗਾ ਸੀ,

ਤੇ ਸੁਪਨੇ ਕਲੀਆਂ ਵਰਗੇ ਨੇ,

ਉਹ ਨਾ ਮੁੱਕਣੇ ਸੀ ਜਲਦੀ ਜੋ,

ਇਹ ਲੰਬੀਆਂ ਗਲੀਆਂ ਵਰਗੇ ਨੇ,

ਨਾ ਫਰਕ ਪੈਂਦਾ ਸੀ ਜਿੱਤਿਆ ਦਾ,

ਨਾ ਰੋਣੇ ਹੁੰਦੇ ਹਾਰਾਂ ਦੇ,

ਬਸ ਚਾਰ ਰੁਪਈਆਂ ਬਦਲੇ ਮੈਂ,

ਬੜੇ ਸੁਪਨੇ ਵੇਖਾਂ ਕਾਰਾਂ ਦੇ।

ਜਦ ਮੇਲਾ ਆਇਆ ਪਿੰਡ ਵਾਲਾ,

ਜੇਬੀ ਵਿੱਚ ਪੰਜ ਰੁਪਈਏ ਸੀ,

ਬੇਬੇ ਨੇ ਕਿਹਾ ਤੂੰ ਖਾ ਪੀ ਲਈ,

ਮੇਲੇ ਵਿੱਚ ਗਾਉਣ ਗਵੀਈਏ ਸੀ,

ਮੈਂ ਵੇਖਾਂ ਮੇਰੇ ਆੜੀਆਂ ਨੂੰ,

ਕਈ ਆਸ਼ਕ ਸੀ ਗੇ ਵਾਰਾਂ ਦੇ,

ਬਸ ਚਾਰ ਰੁਪਈਆਂ ਬਦਲੇ ਮੈਂ,

ਬੜੇ ਸੁਪਨੇ ਵੇਖਾਂ ਕਾਰਾਂ ਦੇ।

ਇੱਕ ਕੁਲਫ਼ੀ ਲਈ ਸੀ ਧੇਲ੍ਹੀ ਦੀ,

ਫਿਰ ਪੀਤਾ ਸੋਢਾ ਲਾਲ ਰੰਗੀ,

ਜਦ ਰਹਿ ਗਏ ਚਾਰ ਰੁਪਈਏ ਸੀ,

ਨਾ ਤੁਰ ਹੋਵੇ ਮੈਥੋਂ ਚਾਲ ਚੰਗੀ,

ਇਹ ਡਰ ਸੀ ਕਾਰ ਨਾ ਵਿੱਕ ਜਾਵੇ,

ਨਾ ਸੌਦੇ ਹੋਣ ਹਾਂ ਭਾਰਾਂ ਦੇ,

ਬਸ ਚਾਰ ਰੁਪਈਆਂ ਬਦਲੇ ਮੈਂ,

ਬੜੇ ਸੁਪਨੇ ਵੇਖਾਂ ਕਾਰਾਂ ਦੇ।

ਤਰਪਾਲਾਂ ਵਾਲੀ ਹੱਟੀ ਸੀ,

ਹਾਂ ਬੜਾ ਬਜ਼ੁਰਗ ਸੀ ਬੰਦਾ ਓ,

ਮੈਂ ਪੁੱਛਿਆ ਕਾਰ ਤੂੰ ਵੇਚੇਂਗਾ,

ਕਹੇ ਇਹੀ ਆ ਮੇਰਾ ਧੰਦਾ ਓ,

ਮੈਂ ਰੰਗ ਬਿਰੰਗੀ ਕਾਰ ਵੇਖਾਂ,

ਇੱਕ ਆਈ ਪਸੰਦ ਮੇਰੇ ਯਾਰਾਂ ਦੇ,

ਬਸ ਚਾਰ ਰੁਪਈਆਂ ਬਦਲੇ ਮੈਂ,

ਬੜੇ ਸੁਪਨੇ ਵੇਖਾਂ ਕਾਰਾਂ ਦੇ।

ਜਦ ਪਾਇਆ ਹੱਥ ਬੜੀ ਸੋਹਣੀ ਸੀ,

ਬੜੀ ਮਹਿੰਗੀ ਉਹ ਪਟਹੋਣੀ ਸੀ,

ਪੂਰੇ ਦਸ ਰੁਪਏ ਮੰਗੇ ਸੀ,

ਇਹ ਗੱਲ ਲੱਗਦੀ ਅਣਹੋਣੀ ਸੀ,

ਮੈਂ ਕਾਰ ਪਸੰਦ ਸੀ ਉਹ ਕੀਤੀ,

ਜੋ ਆਈ ਪਸੰਦ ਹਜ਼ਾਰਾਂ ਦੇ,

ਬਸ ਚਾਰ ਰੁਪਈਆਂ ਬਦਲੇ ਮੈਂ,

ਬੜੇ ਸੁਪਨੇ ਵੇਖਾਂ ਕਾਰਾਂ ਦੇ।

ਫਿਰ ਮਨ ਨੂੰ ਮੈਂ ਸਮਝਾਇਆ ਤਾਂ,

ਇੱਕ ਹੋਰ ਪਸੰਦ ਮੈਨੂੰ ਕਾਰ ਆਈ,

ਉਹ ਕਾਰ ਸੀ ਪੰਜ ਰੁਪਈਆਂ ਦੀ,

ਇੱਕ ਸੋਚ ਸੀ ਮਨ ਵਿੱਚ ਯਾਰ ਆਈ,

ਮੈਂ ਮਨ ਦੇ ਵਿੱਚੇ ਰੋਣ ਲੱਗਾ,

ਹੰਝੂ ਮਨ ਦੇ ਅੰਦਰ ਪਾਰਾਂ ਦੇ,

ਬਸ ਚਾਰ ਰੁਪਈਆਂ ਬਦਲੇ ਮੈਂ,

ਬੜੇ ਸੁਪਨੇ ਵੇਖਾਂ ਕਾਰਾਂ ਦੇ।

ਉਹ ਬਾਪੂ ਰੱਬ ਦਾ ਬੰਦਾ ਸੀ,

ਉਹਨੇ ਤਰਸ ਕੀਤਾ ਮੈਨੂੰ ਕਾਰ ਦਿੱਤੀ,

ਮੇਰਾ ਸੁਪਨਾ ਪੂਰਾ ਹੋਗਿਆ ਸੀ,

ਇੱਕ ਰਿਮੋਟ ਤੇ ਇੱਕ ਸੀ ਤਾਰ ਦਿੱਤੀ,

ਸਾਰਾ ਜੱਗ ਮੈਂ ਚੁੱਕ ਲਇਆ ਸਿਰ ਤੇ ਸੀ,

ਖੰਭ ਲੱਗ ਗਏ ਮੈਨੂੰ ਡਾਰਾਂ ਦੇ,

ਬਸ ਚਾਰ ਰੁਪਈਆਂ ਬਦਲੇ ਮੈਂ,

ਬੜੇ ਸੁਪਨੇ ਵੇਖਾਂ ਕਾਰਾਂ ਦੇ।

www.punjabilibrary.com

# ਨੀਂਦਰ ਮੇਰੀ ਸੁਪਨੇ ਤੇਰੇ

ਖਿਆਲ ਤੇਰੇ ਤਾਂ ਜਗਦਾ ਰੱਖਦੇ,

ਸੋਚਾਂ ਵਿੱਚ ਹੀ ਸੋਚਾਂ ਮੈਂ,

ਮੇਰਾ ਕਣ-ਕਣ ਤੈਨੂੰ ਦੇਖੇ,

ਖੁਦ ਚੋਂ ਤੈਨੂੰ ਲੋਚਾਂ ਮੈਂ,

ਖੁਦ ਹੀ ਦੇਵੇਂ ਜਵਾਬ ਤੂੰ ਮਾਹੀ,

ਖੁਦ ਹੀ ਪਾਵੇਂ ਬਾਤਾਂ ਨੂੰ,

ਨੀਂਦਰ ਮੇਰੀ ਸੁਪਨੇ ਤੇਰੇ,

ਇਕੱਠੇ ਆਉਂਦੇ ਰਾਤਾਂ ਨੂੰ।

ਹਰ ਇੱਕ ਪਹਿਰ ਹੈ ਲੰਘਦਾ ਮੇਰਾ,

ਵੇਖ ਤੇਰੀ ਤਸਵੀਰਾਂ ਨੂੰ,

ਤੂੰ ਕਦ ਮਾਹੀ ਮੇਰਾ ਹੋਣਾ,

ਪੁੱਛਦੀ ਰਹਿੰਦੀ ਪੀਰਾਂ ਨੂੰ,

ਬਹੁਤ ਦੁਆਵਾਂ ਮੰਗਦੀ ਮੈਂ ਤਾਂ,

ਰੱਬ ਪਾਉਂਦਾ ਨਾ ਖੈਰਾਤਾਂ ਨੂੰ,

ਨੀਂਦਰ ਮੇਰੀ ਸੁਪਨੇ ਤੇਰੇ,

ਇਕੱਠੇ ਆਉਂਦੇ ਰਾਤਾਂ ਨੂੰ।

ਛੋਟੇ-ਛੋਟੇ ਸੁਪਨੇ ਮੇਰੇ,

ਤੇਰੇ ਨਾਲ ਸਜਾਏ ਨੇ,

ਤੇਰੀਆਂ ਮੇਰੀਆਂ ਸਦਰਾਂ ਵਾਲੇ,

ਘਰ ਆਸਾਂ ਦੇ ਬਣਾਏ ਨੇ,

ਤੇਰੇ ਬਿਨ ਨਾ ਸਮਝੇ ਕੋਈ,

ਨਾ ਸਮਝੇ ਕੋਈ ਜਜ਼ਬਾਤਾਂ ਨੂੰ,

ਨੀਂਦਰ ਮੇਰੀ ਸੁਪਨੇ ਤੇਰੇ,

ਇਕੱਠੇ ਆਉਂਦੇ ਰਾਤਾਂ ਨੂੰ।

ਜਦ ਮੈਂ ਸੌਵਾਂ, ਤੂੰ ਆਵੇਂ ਮੂਹਰੇ,

ਮੇਰੀ ਨੀਂਦ ਸੁਹਾਣੀ ਹੋ ਜਾਂਦੀ,

ਤੂੰ ਸੁਪਨੇ ਮੇਰੇ ਹਕੀਕਤ ਕਰਦੇ,

ਜਦ ਹਾਣੋ-ਹਾਣੀ ਹੋ ਜਾਂਦੀ,

ਤੂੰ ਮਿਲ ਜਾਵੇਂ ਸਭ ਮਿਲ ਜਾਣਾ,

ਕੀ ਕਰਨਾ ਮੈਂ ਸੌਗਾਤਾਂ ਨੂੰ,

ਨੀਂਦਰ ਮੇਰੀ ਸੁਪਨੇ ਤੇਰੇ,

ਇਕੱਠੇ ਆਉਂਦੇ ਰਾਤਾਂ ਨੂੰ।

ਦਿਲ ਕਰਦਾ ਮੈਂ ਸੁੱਤੀ ਰਹਿਜਾ,

ਤੂੰ ਸੁਪਨੇ ਚੋਂ ਨਾ ਖੋ ਜਾਵੇਂ,

ਰੱਖ ਲਾਂ ਤੈਨੂੰ ਲੁਕਾ ਕੇ ਜੱਗ ਤੋਂ,

ਕਿਸੇ ਹੋਰ ਦਾ ਨਾ ਤੂੰ ਹੋ ਜਾਵੇਂ,

ਰਾਤਾਂ ਨੂੰ ਤਾਂ ਫਿਕਰ ਹੀ ਰਹਿੰਦੀ,

ਇਹੀ ਸੋਚਾਂ ਮੈਂ ਪ੍ਰਭਾਤਾਂ ਨੂੰ,

ਨੀਂਦਰ ਮੇਰੀ ਸੁਪਨੇ ਤੇਰੇ,

ਇਕੱਠੇ ਆਉਂਦੇ ਰਾਤਾਂ ਨੂੰ।

# ਮਕਬਰੇ ਚੋਂ ਆਸ਼ਿਕ ਬੋਲੇ

ਡੂੰਘਾ ਚੱਲਦਾ ਗੂੜ੍ਹਾ ਚੜ੍ਹਦਾ,

ਮੁਹੱਬਤ ਦਾ ਨਾ ਰਾਗ ਕੋਈ,

ਬੋਲ਼ੇ ਵੀ ਇਹ ਸੁਣ ਲੈਂਦੇ,

ਇਸ਼ਕੇ ਦਾ ਨਾ ਸਾਜ ਕੋਈ,

ਅੰਨ੍ਹਿਆਂ ਨੂੰ ਵੀ ਚਾਨਣ ਦਿਸਦਾ,

ਕਹਿੰਦਾ ਕਾਹਤੋਂ ਡਰਨਾ ਏ,

ਮਕਬਰੇ 'ਚੋਂ ਆਸ਼ਿਕ ਬੋਲੇ,

ਅੱਜ ਫਿਰ ਇਸ਼ਕ ਮੈਂ ਕਰਨਾ ਏ।

ਦੇਖ ਪਰਿੰਦੇ ਗਾਉਂਦੇ ਲੱਗਦੇ,

ਗੀਤ ਬਣਾ ਅਸਮਾਨਾਂ 'ਚੋਂ,

ਪੱਤੇ ਵੀ ਨੀ ਹਿੱਲਣ ਅੱਜ ਤਾਂ,

ਭਾਰੇ ਚੱਲਣ ਤੂਫ਼ਾਨਾਂ 'ਚੋਂ,

ਕੋਲ਼ੇ ਆਖਣ ਬਲਦੀ ਅੱਗ ਨੂੰ,

ਅਸਾਂ ਤੇਰੇ ਵਿੱਚ ਸੜਨਾ ਏ,

ਮਕਬਰੇ 'ਚੋਂ ਆਸ਼ਿਕ ਬੋਲੇ,

ਅੱਜ ਫਿਰ ਇਸ਼ਕ ਮੈਂ ਕਰਨਾ ਏ।

ਨਹਿਰਾਂ ਵਿੱਚੋਂ ਪਾਣੀ ਬੋਲੇ,

ਸੋਕੇ ਮਿਟ ਗਏ ਹਿਜ਼ਰੇ ਦੇ,

ਰੰਗਾਂ ਨੇ ਰੰਗ ਹੋਰ ਪਕੜ ਲਏ,

ਸਦਕੇ ਜਾਵਾਂ ਜਿਗਰੇ ਦੇ,

ਪੈੜਾਂ ਲੰਮੀਆਂ, ਰਸਤੇ ਲੰਮੇ,

ਰਾਹ ਤੇ ਹੱਥ ਕਿਸ ਫੜਨਾ ਏ,

ਮਕਬਰੇ 'ਚੋਂ ਆਸ਼ਿਕ ਬੋਲੇ,

ਅੱਜ ਫਿਰ ਇਸ਼ਕ ਮੈਂ ਕਰਨਾ ਏ।

ਮੁਰਦੇ ਪੜਦੇ ਇਸ਼ਕ ਜਮਾਤਾਂ,

ਕੈਸਾ ਇਸ਼ਕ ਬਣਾਇਆ ਏ,

ਆਸ਼ਕ ਮੁੱਕ ਗਏ ਇਹ ਨਾ ਮੰਨਿਆ,

ਕੋਣ ਇਹਦਾ ਹਮ ਸਾਇਆ ਏ,

ਹੋ ਜਾਵੇ ਤਾਂ ਲੈ ਕੇ ਬਹਿ ਜੇ,

ਵੇਖ ਨਸ਼ੇ ਵਾਂਗ ਚੜਨਾ ਏ,

ਮਕਬਰੇ 'ਚੋਂ ਆਸ਼ਿਕ ਬੋਲੇ,

ਅੱਜ ਫਿਰ ਇਸ਼ਕ ਮੈਂ ਕਰਨਾ ਏ।

ਜੇ ਮੰਨਿਆ ਤਾਂ ਰੱਬ ਤੋਂ ਉੱਚਾ,

ਨਾ ਮੰਨਿਆ ਤਾਂ ਕੱਖ ਦਾ ਏ,

ਦਰਦ-ਦਰਦ ਏ ਰੋਂਦਾ ਇਸਦਾ,

ਦਰਦ-ਦਰਦ ਹੀ ਹੱਸਦਾ ਏ,

ਕਰਮਾਂ ਵਾਲਾ ਹੋ ਜੇ ਜਿਸਨੂੰ,

ਇਹਦੇ ਵਿੱਚ ਜੋ ਮਰਨਾ ਏ,

ਮਕਬਰੇ 'ਚੋਂ ਆਸ਼ਿਕ ਬੋਲੇ,

ਅੱਜ ਫਿਰ ਇਸ਼ਕ ਮੈਂ ਕਰਨਾ ਏ।

## ਰਾਤਾਂ ਦਾ ਚੰਨ

ਮੈਂ ਢੂੰਡਾਂ ਵਿੱਚ ਹਵਾਵਾਂ ਦੇ,

ਇਹ ਭੀੜ ਭੜੱਕੇ ਰਾਹਾਂ ਤੇ,

ਤੂੰ ਡਾਢੀ ਧੁੱਪ ਜਿਹਾ ਲੱਗਦਾ ਏਂ,

ਮੇਰੇ ਪੈਰ ਪੈਂਦੇ ਨੇ ਛਾਵਾਂ ਤੇ,

ਜੇ ਮੈਂ ਹਾਂ ਕਾਲਖ਼ ਤਵਿਆਂ ਦੀ,

ਤਾਂ ਸੂਰਜ ਤੂੰ ਪ੍ਰਭਾਤਾਂ ਦਾ,

ਚਲ ਮੈਂ ਹਾਂ ਢਲਦੀ ਸ਼ਾਮ ਜਿਹੀ,

ਪਰ ਤੂੰ ਤਾਂ, ਚੰਨ ਏਂ ਰਾਤਾਂ ਦਾ।

ਰੰਗ ਮੇਰਾ ਲੌਢੇ ਵੇਲੇ ਜਿਹਾ,

ਤੂੰ ਬੱਦਲਾਂ ਚਿੱਟਿਆਂ ਵਰਗਾ ਹੈਂ,

ਮੈਂ ਖੱਟੇ ਬੇਰਾਂ ਵਰਗੀ ਆਂ,

ਤੂੰ ਸ਼ਹਿਦਾਂ ਮਿੱਠਿਆਂ ਵਰਗਾ ਹੈਂ,

ਜੇ ਮੈਂ ਹਾਂ ਸਸਤੇ ਲੂਣ ਜਿਹੀ,

ਤਾਂ ਤੇਰਾ ਹੱਕ ਸੌਗਾਤਾਂ ਦਾ,

ਚਲ ਮੈਂ ਹਾਂ ਢਲਦੀ ਸ਼ਾਮ ਜਿਹੀ,

ਪਰ ਤੂੰ ਤਾਂ, ਚੰਨ ਏਂ ਰਾਤਾਂ ਦਾ।

ਤੂੰ ਖੁਦ ਨੂੰ ਲਵੇਂ ਨਿਖਾਰ ਸਦਾ,

ਤੇ ਮੇਰੀ ਨਾ ਕਦੇ ਫਿਕਰ ਕਰੇਂ,

ਖੁਦ ਮੀਆਂ ਮਿੱਠੂ ਬਣ ਜਾਵੇਂ,

ਕਦੇ ਮੇਰਾ ਨਾ ਤੂੰ ਜ਼ਿਕਰ ਕਰੇਂ,

ਬੜੇ ਸਾਖ ਸੁਹੇਲੇ ਖੁਸ਼ ਕਰਦਾ,

ਨਾ ਪਤਾ ਮੇਰੇ ਹਾਲਾਤਾਂ ਦਾ,

ਚਲ ਮੈਂ ਹਾਂ ਢਲਦੀ ਸ਼ਾਮ ਜਿਹੀ,

ਪਰ ਤੂੰ ਤਾਂ, ਚੰਨ ਏਂ ਰਾਤਾਂ ਦਾ।

ਚਲ ਮੰਨਿਆ ਮੈਂ ਹਾਂ ਆਮ ਜਿਹੀ,

ਪਰ ਇਸ਼ਕ ਮੇਰਾ ਤਾਂ ਰੱਬ ਵਰਗਾ,

ਤੈਨੂੰ ਹੋਰ ਕਰੀਬੀ ਮਿਲ ਜਾਣੇ,

ਨਾ ਮੇਰੇ ਤੋਂ ਕੋਈ ਵੱਧ ਕਰਦਾ,

ਮੈਂ ਤੇਰੇ ਲਈ ਹੀ ਮਰ ਜਾਵਾਂ,

ਮੇਰਾ ਮੁੱਲ ਪੈਜੇ ਜ਼ਜਬਾਤਾਂ ਦਾ,

ਚਲ ਮੈਂ ਹਾਂ ਢਲਦੀ ਸ਼ਾਮ ਜਿਹੀ,

ਪਰ ਤੂੰ ਤਾਂ, ਚੰਨ ਏਂ ਰਾਤਾਂ ਦਾ।

ਬੜਾ ਫਰਕ ਦੋਨਾਂ ਦੇ ਵਿਚ ਸਮਝੇ,

ਮੈਂ ਤੇਰੇ ਪਿੱਛੇ ਆਉਣਾ ਹੈ,

ਮੈਨੂੰ ਮੌਤ ਨਸੀਬ ਹੈ ਤੇਰੇ ਬਿਨ,

ਮੈਂ ਤੈਨੂੰ ਹੀ ਪਰ ਚਾਹੁਣਾ ਹੈ,

ਮੈਂ ਮੰਗਦੀ ਤੈਥੋਂ ਪਿਆਰ ਮੇਰਾ,

ਮੁੱਲ ਪਾ ਦੇ ਵੇ ਖੈਰਾਤਾਂ ਦਾ,

ਚਲ ਮੈਂ ਹਾਂ ਢਲਦੀ ਸ਼ਾਮ ਜਿਹੀ,

ਪਰ ਤੂੰ ਤਾਂ, ਚੰਨ ਏਂ ਰਾਤਾਂ ਦਾ।

www.punjabilibrary.com

## ਰੁੱਖ ਹਵਾਵਾਂ ਦੇ

ਤੁਸੀਂ ਛੋਟੇ ਪੈਂਡੇ ਫੜ੍ਹ ਲਏ ਨੇ,

ਅਸੀਂ ਵਿੱਚ ਲੰਬਿਆਂ ਦੇ ਫੱਸ ਗਏ ਆਂ,

ਜਿਸ ਕਬਰ ਤੇ ਰੱਖਿਆ ਪੈਰ ਤੁਸੀਂ,

ਉਸ ਮਿੱਟੀ ਦੇ ਵਿੱਚ ਧੱਸ ਗਏ ਆਂ,

ਮੈਨੂੰ ਵਾ ਵਰੋਲੇ ਖਿੱਚ ਲੈਂਦੇ,

ਰੰਗ ਚਿੱਟੇ ਪੈ ਗਏ ਛਾਵਾਂ ਦੇ,

ਤੇਰੇ ਬਦਲ ਗਏ ਨੇ ਹਾਣੀਆ ਵੇ,

ਹੁਣ ਰੁੱਖ ਹਵਾਵਾਂ ਦੇ।

ਤੇਰਾ ਚਹਿਰਾ ਸੀ ਮਾਸੂਮ ਕਦੇ,

ਜਿਨੂੰ ਵੇਖ-ਵੇਖ ਕੇ ਜਿਉਂਦੇ ਸੀ,

ਖੁਦ ਹੰਝੂ ਲੈ ਕੇ ਤੇਰੇ ਵੇ,

ਪਾਣੀ ਖੁਸ਼ੀਆਂ ਦੇ ਪਿਆਉਂਦੇ ਸੀ,

ਤੂੰ ਵੇਖੇ ਸੁਪਨੇ ਗੈਰਾਂ ਦੇ,

ਤੇ ਮੈਂ ਵੇਖੇ ਲਾਵਾਂ ਦੇ,

ਤੇਰੇ ਬਦਲ ਗਏ ਨੇ ਹਾਣੀਆ ਵੇ,

ਹੁਣ ਰੁੱਖ ਹਵਾਵਾਂ ਦੇ।

ਦੱਸ ਤੈਨੂੰ ਕੀ ਮੈਂ ਦੋਸ਼ ਦੇਵਾਂ,

ਇਹ ਖੇਲ ਤਾਂ ਸਾਰੇ ਲੇਖਾਂ ਦੇ,

ਮੈਂ ਹਾਰ ਗਈ ਆ ਰੱਬ ਅੱਗੇ,

ਨਾ ਮੁੱਲ ਪਏ ਮੱਥੇ ਟੇਕਾਂ ਦੇ,

ਤੇਰੀ ਦੁਨੀਆ ਦੂਰ ਹੀ ਵੱਸਦੀ ਏ,

ਅਸੀਂ ਮੁਸਾਫਿਰ ਛੋਟੇ ਚਾਵਾਂ ਦੇ,

ਤੇਰੇ ਬਦਲ ਗਏ ਨੇ ਹਾਣੀਆ ਵੇ,

ਹੁਣ ਰੁੱਖ ਹਵਾਵਾਂ ਦੇ।

ਤੂੰ ਗਗਨ ਬੜਾ ਖੁਦਗਰਜ਼ੀ ਏ,

ਤੂੰ ਛੱਡਿਆ ਤੇਰੀ ਮਰਜੀ ਏ,

ਮੇਰੇ ਜਿਸਮ ਦੇ ਹਿੱਸੇ ਤੇਰੇ ਕੋਲ,

ਮੇਰੀ ਰੂਹ ਦਾ ਤੂੰ ਤਾਂ ਕਰਜ਼ੀ ਏ,

ਕਿਸੇ ਮੇਰੇ ਜਿੰਨਾ ਕਰਨਾ ਨਾ,

ਨਾਲ ਖੇਡ ਜਾਣਾ ਕਿਸੇ ਭਾਵਾਂ ਦੇ,

ਤੇਰੇ ਬਦਲ ਗਏ ਨੇ ਹਾਣੀਆ ਵੇ,

ਹੁਣ ਰੁੱਖ ਹਵਾਵਾਂ ਦੇ।

www.punjabilibrary.com

## ਲੋਹੇ ਦੇ ਘਰ

ਜਦ ਜ਼ੁਰਅੱਤ ਛੋਟੀ ਪੈ ਜਾਵੇ,

ਜਦ ਮਨ ਆਪਣਾ ਹੀ ਢਹਿ ਜਾਵੇ,

ਜਦ ਅੰਦਰ ਮੈਲ ਕੋਈ ਰਹਿ ਜਾਵੇ,

ਫਿਰ ਨਿਸ਼ਾਨ ਗੰਦੇ ਏ ਮਿੱਟਦੇ ਨੀ ਹੁੰਦੇ,

ਜਦ ਹੌਂਸਲਾ ਟੁੱਟ ਜੇ ਰੇਤ ਦੇ ਘਰ ਵਾਂਗੂੰ,

ਤਾਂ ਲੋਹੇ ਦੇ ਘਰ ਵੀ ਟਿੱਕਦੇ ਨੀ ਹੁੰਦੇ।

ਜਦ ਖੁਦ ਤੇ ਰਹੇ ਯਕੀਨ ਨਾ,

ਜਦ ਗੱਲਾਂ ਕਰਨ ਮਸ਼ੀਨ ਨਾ,

ਫਸਲ ਦੇਵੇ ਕੋਈ ਜ਼ਮੀਨ ਨਾ,

ਤਾਂ ਫੁੱਲ ਪੈਰਾਂ 'ਚ ਵਿੱਛਦੇ ਨੀ ਹੁੰਦੇ,

ਜਦ ਹੌਂਸਲਾ ਟੁੱਟ ਜੇ ਰੇਤ ਦੇ ਘਰ ਵਾਂਗੂੰ,

ਤਾਂ ਲੋਹੇ ਦੇ ਘਰ ਵੀ ਟਿੱਕਦੇ ਨੀ ਹੁੰਦੇ।

ਜਦ ਪਿਆਰ ਕਿਸੇ ਦਾ ਨਾ ਜਾਣੇ ਕੋਈ,

ਸੱਚੇ ਇਸ਼ਕ ਦਾ ਨਿੱਘ ਨਾ ਮਾਣੇ ਕੋਈ,

ਤੇ ਯਾਰ ਦੀ ਰਮਜ਼ ਨਾ ਪਹਿਚਾਣੇ ਕੋਈ,

ਉਹ ਹਰ ਦਿਲ ਵਿੱਚ ਫਿਰ ਟਿੱਕਦੇ ਨੀ ਹੁੰਦੇ,

ਜਦ ਹੌਂਸਲਾ ਟੁੱਟ ਜੇ ਰੇਤ ਦੇ ਘਰ ਵਾਂਗੂੰ,

ਤਾਂ ਲੋਹੇ ਦੇ ਘਰ ਵੀ ਟਿੱਕਦੇ ਨੀ ਹੁੰਦੇ।

ਜਦ ਮਾਂ ਪਿਉ ਲੱਗਣ ਲੱਗੇ ਬੋਝ ਕੋਈ,

ਛੱਡ ਦੁਨੀਆ ਬਣ ਜੇ ਜੋਗ ਕੋਈ,

ਇਸ ਤੋਂ ਵੱਡਾ ਨਾ ਫਿਰ ਰੋਗ ਕੋਈ,

ਫਿਰ ਹਾਸੇ ਬਹੁਤੇ ਵਿੱਕਦੇ ਨੀ ਹੁੰਦੇ,

ਜਦ ਹੌਂਸਲਾ ਟੁੱਟ ਜੇ ਰੇਤ ਦੇ ਘਰ ਵਾਂਗੂੰ,

ਤਾਂ ਲੋਹੇ ਦੇ ਘਰ ਵੀ ਟਿੱਕਦੇ ਨੀ ਹੁੰਦੇ।

ਜਦ ਮਾਪੇ ਸਮਝਣ ਨਾ ਔਲਾਦ ਨੂੰ,

ਕੀ ਕਰਨਾ ਦੁਨੀਆ ਵੱਡੇ ਰਾਜ ਨੂੰ,

www.punjabilibrary.com

ਲਾਹ ਕੇ ਸੁੱਟ ਦੇਵੋ ਐਸੇ ਤਾਜ ਨੂੰ,

ਤਵੇ ਬਿਨਾ ਅੱਗ ਤੋਂ ਸਿੱਕਦੇ ਨੀ ਹੁੰਦੇ,

ਜਦ ਹੌਂਸਲਾ ਟੁੱਟ ਜੇ ਰੇਤ ਦੇ ਘਰ ਵਾਂਗੂੰ,

ਤਾਂ ਲੋਹੇ ਦੇ ਘਰ ਵੀ ਟਿੱਕਦੇ ਨੀ ਹੁੰਦੇ।

ਜਦ ਲੱਗੇ ਮੈਂ ਹੀ ਸਭ ਤੋਂ ਤਕੜਾ ਆ,

ਇਹ ਜੱਗ ਮੇਰੇ ਤੋਂ ਵੱਖਰਾ ਆ,

ਮੈਂ ਸ਼ੇਰ ਤੇ ਇਹ ਸਭ ਬੱਕਰਾ ਆ,

ਐਦਾਂ ਕਦੇ ਮੈਦਾਨ ਜਿੱਤਦੇ ਨੀ ਹੁੰਦੇ,

ਜਦ ਹੌਂਸਲਾ ਟੁੱਟ ਜੇ ਰੇਤ ਦੇ ਘਰ ਵਾਂਗੂੰ,

ਤਾਂ ਲੋਹੇ ਦੇ ਘਰ ਵੀ ਟਿੱਕਦੇ ਨੀ ਹੁੰਦੇ।

ਰੱਖ ਖੁਦ ਤੇ ਯਕੀਨ ਤੇ ਤੁਰਦਾ ਜਾ,

ਬਸ ਖੁਦ ਤੋਂ ਖੁਦ ਨਾਲ ਜੁੜਦਾ ਜਾ,

ਪਾਣੀ ਵਿੱਚ ਕਾਗਜ਼ ਵਾਗੂੰ ਰੁੜਦਾ ਜਾ,

ਕਿਉਂਕਿ ਲੇਖ ਲੇਖਾਂ ਨੂੰ ਕਦੇ ਲਿਖਦੇ ਨੀ ਹੁੰਦੇ,

ਜਦ ਹੌਂਸਲਾ ਟੁੱਟ ਜੇ ਰੇਤ ਦੇ ਘਰ ਵਾਂਗੂੰ,

ਤਾਂ ਲੋਹੇ ਦੇ ਘਰ ਵੀ ਟਿੱਕਦੇ ਨੀ ਹੁੰਦੇ।

www.punjabilibrary.com

# ਗੁਲਾਬੀ ਬੁੱਲ

ਕੀ ਬਿਆਨ ਕਰਾਂ ਮੈਂ ਰੰਗਾਂ ਨੂੰ,

ਇਹ ਰੰਗ ਵੀ ਤੇਰੇ ਲੱਗਦੇ ਨੇ,

ਇਹ ਫੁੱਲ ਮਹਿਕਦੇ ਕਲੀਆਂ ਤੋਂ,

ਜੋ ਸੰਗ ਵੀ ਤੇਰੇ ਲੱਗਦੇ ਨੇ,

ਕੁਝ ਕਮੀਆਂ ਦੀ ਮੁਆਫੀ ਮੰਗਦਾ,

ਰੱਬ ਵੀ ਹੋਈਆਂ ਭੁੱਲਾਂ ਦਾ,

ਮੈਂ ਦੀਵਾਨਾ ਹੋਇਆ ਫਿਰਦਾ,

ਤੇਰੇ ਗੁਲਾਬੀ ਬੁੱਲਾਂ ਦਾ।

ਨਿੱਤ ਹੀ ਸੂਰਜ ਸੱਜਰਾ ਚੜਦਾ,

ਤਾਰੀਫ਼ ਤੇਰੀ ਇਹ ਦਿਨ ਕਰਦਾ,

ਵਾਂਗ ਦੁਪਿਹਰ ਮੱਥਾ ਚਮਕੇ,

ਤੈਨੂੰ ਵੇਖ ਇਹ ਦਿਨ ਢੱਲਦਾ,

ਤਾਰੇ ਬੱਦਲ ਚੰਨ ਸੰਗਦਾ,

ਮਿਲੀ ਅਸਮਾਨੀ ਖੁੱਲਾਂ ਦਾ,

ਮੈਂ ਦੀਵਾਨਾ ਹੋਇਆ ਫਿਰਦਾ,

ਤੇਰੇ ਗੁਲਾਬੀ ਬੁੱਲਾਂ ਦਾ।

ਯੋਗੀ ਹੁੰਦਾ ਕਾਸ਼ ਮੈਂ ਸੱਜਣਾ,

ਵਿੱਚ ਪਟਾਰੀ ਪਾ ਲੈਂਦਾ,

ਤੇਰੀ ਸੋਹਣੀ ਸੂਰਤ ਨੂੰ,

ਦੁਨੀਆ ਤੋਂ ਲੁਕਾਂ ਲੈਂਦਾਂ,

ਤੂੰ ਪਾਕ ਪਵਿੱਤਰ ਅਣਮੋਲ ਜਿਹਾ ਲੱਗਦਾ,

ਇਹ ਬਾਕੀ ਸਭ ਤਾਂ ਮੁੱਲਾਂ ਦਾ,

ਮੈਂ ਦੀਵਾਨਾ ਹੋਇਆ ਫਿਰਦਾ,

ਤੇਰੇ ਗੁਲਾਬੀ ਬੁੱਲਾਂ ਦਾ।

ਮੋਰਾਂ ਤੈਨੂੰ ਗੀਤ ਸੁਣਾਉਣੇ,

ਰੁੱਤ ਆਈ ਜੋ ਸਾਵਣ ਦੀ,

ਤੇਰੇ ਲਈ ਹੀ ਨੱਚਦੇ ਲੱਗਦਾ,

ਤੈਨੂੰ ਇਹ ਹਸਾਵਣ ਲਈ,

ਤੇਰੀ ਖੁਸ਼ਬੂ ਦਾ ਮੈਂ ਆਸ਼ਿਕ,

ਜਿਉਂ ਭਵਰਾ ਆਸ਼ਿਕ ਫੁੱਲਾਂ ਦਾ,

ਮੈਂ ਦੀਵਾਨਾ ਹੋਇਆ ਫਿਰਦਾ,

ਤੇਰੇ ਗੁਲਾਬੀ ਬੁੱਲਾਂ ਦਾ।

ਇਹ ਸਮਾਂ ਹਸੀਨ ਜਿਹਾ ਲੱਗਦਾ,

ਤੂੰ ਬਣਦਾ ਜੱਦ ਖਿਆਲ ਮੇਰਾ,

ਕੀ ਤੇਰਾ ਮੇਰਾ ਰਿਸ਼ਤਾ ਬਣਿਆ,

ਤੰਗ ਕਰਦਾ ਏ ਸਵਾਲ ਮੇਰਾ,

ਭਾਵੇਂ ਤੇਰਾ ਪਾਸਾ ਭਾਰੀ ਲੱਗਦਾ,

ਪਰ ਇਸ਼ਕ ਮੇਰਾ ਇਹ ਕੁੱਲਾਂ ਦਾ,

ਮੈਂ ਦੀਵਾਨਾ ਹੋਇਆ ਫਿਰਦਾ,

ਤੇਰੇ ਗੁਲਾਬੀ ਬੁੱਲਾਂ ਦਾ।

## ਇੱਕੋ ਰੰਗ ਦੇ

ਤੂੰ ਰੂਹ ਤੇ ਮੈਂ ਹਿੱਸਾ ਤੇਰਾ,

ਦੋਨੋ ਇਕੋ ਰੰਗ ਦੇ ਆ,

ਬਾਤਾਂ ਕਾਹਤੋਂ ਲੰਬੀਆਂ ਹੋਵਣ,

ਇਕ ਦੂਜੇ ਤੋਂ ਸੰਗਦੇ ਆ,

ਤੂੰ ਰੂਹ ਤੇ ਮੈਂ ਹਿੱਸਾ ਤੇਰਾ,

ਦੋਨੋ ਇਕੋ ਰੰਗ ਦੇ ਆ।

ਤੇਰਾ ਜ਼ਿਕਰ ਮੇਰੇ ਅੰਦਰ ਵਸਦਾ,

ਗੱਲਾਂ ਡੂੰਘੀਆਂ ਕਰਦਾ ਆ,

ਤੂੰ ਵੀ ਤਾਂ ਮੇਰੇ ਇਸ਼ਕ ਤੋਂ ਜਾਣੂ,

ਜੋ ਤੇਰੇ ਅੱਗੇ ਹਰਦਾ ਆ,

ਸਦਰਾਂ ਲੰਮੀਆਂ ਪੈਂਡੇ ਲੰਬੇ,

ਬਿੰਦ ਔਖੇ ਸਾਰੇ ਲੰਘ ਦੇ ਆ,

ਤੂੰ ਰੂਹ ਤੇ ਮੈਂ ਹਿੱਸਾ ਤੇਰਾ,

ਦੋਨੋ ਇਕੋ ਰੰਗ ਦੇ ਆ।

ਪੈੜਾਂ ਤੇਰੀਆਂ ਚੁੰਮਦਾ ਜਾਵਾਂ,

ਨਾਲ ਬਣਾ ਪਰਛਾਵਾਂ,

ਜਿੱਥੇ ਰੱਖੇਂ ਕਦਮ ਤੂੰ ਮਾਹੀ,

ਮੈਂ ਵੀ ਨਾਲ ਹੀ ਆਵਾਂ,

ਜੋ ਖਿਲਰੇ ਪੱਤਰ ਰਾਹਾਂ 'ਚ,

ਵੇਖ ਹੁਸਨ ਤੇਰਾ ਖੰਘਦੇ ਆ,

ਤੂੰ ਰੂਹ ਤੇ ਮੈਂ ਹਿੱਸਾ ਤੇਰਾ,

ਦੋਨੋ ਇਕੋ ਰੰਗ ਦੇ ਆ।

ਜੋ ਤੂੰ ਸੋਚੇ ਅੰਦਰ ਮਨ ਦੇ,

ਓਹੀ ਮੈਨੂੰ ਸੁੱਝਦਾ ਆ,

ਇਸ਼ਕ ਬੁਝਾਰਤ ਪਾਈਏ ਦੋਨੋ,

ਪਹਿਲਾ ਕਿਹੜਾ ਬੁੱਝਦਾ ਆ,

ਪੁੱਛਦਾ ਰੱਬ ਵੀ ਇਸ਼ਕ ਤਰੀਕੇ,

ਕਿਹੜੇ ਕਿਹੜੇ ਢੰਗ ਦੇ ਆ,

ਤੂੰ ਰੂਹ ਤੇ ਮੈਂ ਹਿੱਸਾ ਤੇਰਾ,

ਦੋਨੋ ਇਕੋ ਰੰਗ ਦੇ ਆ।

ਤੈਨੂੰ ਵੇਖ ਇਹ ਕੁਦਰਤ ਰੱਬ ਨੇ,

ਤੇਰੇ ਤੋਂ ਹੀ ਬਣਾਈ ਏ,

ਰੱਬ ਖੁਦ ਨਾਲੋਂ ਤੈਨੂੰ ਸੋਹਣਾ ਆਖੇ,

ਤੇਰੀ ਰੂਹ ਦੀ ਰਹਿਨੁਮਾਈ ਏ,

ਹਰ ਜੱਰ੍ਹਾ-ਜੱਰ੍ਹਾ ਨੱਚਣ ਲੱਗਦਾ,

ਜਦੋਂ ਸ਼ੋਰ ਪੈਂਦੇ ਤੇਰੀ ਵੰਗ ਦੇ ਆ,

ਤੂੰ ਰੂਹ ਤੇ ਮੈਂ ਹਿੱਸਾ ਤੇਰਾ,

ਦੋਨੋ ਇਕੋ ਰੰਗ ਦੇ ਆ।

ਇਸ਼ਕ ਮੇਰਾ ਅਪਨਾ ਕੇ ਮਾਹੀ,

ਕੋਲਾ ਆਣ ਨਿਖਾਰਿਆ ਏ,

ਮੈਂ ਤੇ ਤੇਰੀ ਧੂਲ ਬਰਾਬਰ ,

ਤੂੰ ਲੋਹੇ ਨੂੰ ਵੀ ਤਾਰਿਆ ਏ,

ਤੇਰਾ ਸਾਥ ਮੈਨੂੰ ਕਰੇ ਮੁਕੰਮਲ,

ਮੇਰੇ ਸਾਹ ਵੀ ਤੈਨੂੰ ਮੰਗ ਦੇ ਆ,

ਤੂੰ ਰੂਹ ਤੇ ਮੈਂ ਹਿੱਸਾ ਤੇਰਾ,

ਦੋਨੋ ਇਕੋ ਰੰਗ ਦੇ ਆ।

## ਅਕਲਾਂ ਦੇ ਖੂਹ

ਨਾ ਮੈਂ ਮੰਨਦਾ, ਨਾ ਹੋਰ ਕੋਈ,

ਸਭ ਆਪਣੀ ਹੀ ਚਲਾਉਂਦੇ ਨੇ,

ਨਾ ਹਾਰ ਕੋਈ ਬਰਦਾਸ਼ ਕਰੇ,

ਹਾਂ ਸਭ ਹੀ ਜਿੱਤਣਾ ਚਾਹੁੰਦੇ ਨੇ,

ਮੈਂ ਹੀ ਸਭ ਤੋਂ ਤਾਕਤਵਰ ਹਾਂ,

ਸਭ ਬੈਠੇ ਵਹਿਮ ਇਹ ਪਾਲੀ ਨੇ,

ਕੌਣ ਕਿਸੇ ਦੀ ਸੁਣਦਾ ਏਥੇ,

ਕਿਉਂਕਿ ਅਕਲਾਂ ਦੇ ਖੂਹ ਖਾਲੀ ਨੇ।

ਇੱਧਰ-ਉਧਰ ਗੱਲਾਂ ਕਰਕੇ,

ਹੋਰਾਂ ਬੁਰਿਆਂ ਦੱਸਦੇ ਆ,

ਜਦ ਮੌਤ ਹੋਵੇ ਕਿਸੇ ਗੈਰਾਂ ਦੀ,

ਤਾਂ ਤਾੜੀ ਮਾਰ ਕੇ ਹੱਸਦੇ ਆ,

ਚੰਗਾ ਮਾੜਾ ਦਿਸਦਾ ਨਾ,

ਸਭ ਕੁਝ ਬੈਠੇ ਟਾਲੀ ਨੇ,

ਕੌਣ ਕਿਸੇ ਦੀ ਸੁਣਦਾ ਏਥੇ,

ਕਿਉਂਕਿ ਅਕਲਾਂ ਦੇ ਖੂਹ ਖਾਲੀ ਨੇ।

ਚਿੱਕੜ ਭਰੇ ਨੇ ਦਿਲ ਅੰਦਰੋਂ,

ਬਾਹਰੋਂ ਨੀਤਾਂ ਕੱਚੀਆਂ ਨੇ,

ਭੇਖ ਦਿਖਾਵੇ ਇੰਝ ਕਰਦੇ,

ਜਿਵੇਂ ਰੂਹਾਂ ਬੜੀਆਂ ਸੱਚੀਆਂ ਨੇ,

ਖੁਦ ਦੇਣ ਜੁਆਬ ਜੁਆਬਾਂ ਨੂੰ,

ਤੇ ਖੁਦ ਹੀ ਖੁਦ ਸਵਾਲੀ ਨੇ,

ਕੌਣ ਕਿਸੇ ਦੀ ਸੁਣਦਾ ਏਥੇ,

ਕਿਉਂਕਿ ਅਕਲਾਂ ਦੇ ਖੂਹ ਖਾਲੀ ਨੇ।

ਖੁਦ ਸਾਧੂ ,ਨੇ,ਖੁਦ ਚੋਰ ਬੜੇ,

ਖੁਦ ਕਰਦੇ ਬੜੀਆਂ ਠੱਗੀਆਂ ਨੇ,

ਖੁਦ ਫਿਰਨ ਬੁਝਾਉਣ ਨੂੰ ਆਪੇ ਹੀ,

ਜੋ ਅੱਗਾਂ ਖੁਦ ਹੀ ਲੱਗੀਆਂ ਨੇ,

ਹਰ ਇੱਕ ਨੂੰ ਨੀਵਾਂ ਦੱਸਦੇ ਨੇ,

ਖੁਦ ਉੱਚੀ ਸੋਚ ਦੇ ਮਾਲੀ ਨੇ,

ਕੌਣ ਕਿਸੇ ਦੀ ਸੁਣਦਾ ਏਥੇ,

ਕਿਉਂਕਿ ਅਕਲਾਂ ਦੇ ਖੂਹ ਖਾਲੀ ਨੇ।

ਰੱਬ ਨੂੰ ਵੀ ਨੇ ਝੂਠਾ ਕਹਿੰਦੇ,

ਖੁਦ ਹੀ ਰੱਬ ਇਹ ਬਣ ਬੈਠੇ,

ਨਕਾਬੀ ਚਹਿਰੇ ਅਕਲਮੰਦ ਨੇ,

ਉਹ ਵੀ ਸਭ ਕੁਝ ਮੰਨ ਬੈਠੇ,

ਬੜੇ ਰੌਲੇ ਉੱਚੇ ਨੀਵਿਆਂ ਦੇ,

ਤੇ ਦਿਲ ਤੋਂ ਸਾਰੇ ਜਾੱਲੀ ਨੇ,

ਕੌਣ ਕਿਸੇ ਦੀ ਸੁਣਦਾ ਏਥੇ,

ਕਿਉਂਕਿ ਅਕਲਾਂ ਦੇ ਖੂਹ ਖਾਲੀ ਨੇ।

# ਇਸ਼ਕ ਹਕੀਕਤ

ਇਸ਼ਕ-ਇਸ਼ਕ ਨਾ ਕਰ ਤੂੰ ਅੜ੍ਹੀਏ,

ਵਿੱਚ ਅੱਗ ਦੇ ਵੜ੍ਹਨਾ ਪੈਂਦਾ ਏ,

ਦੂਰ ਦੁਰਾਡੇ ਮੰਜ਼ਿਲ ਇਸ ਦੀ,

ਵਿੱਚ ਹਿਜ਼ਰਾਂ ਸੜ੍ਹਨਾ ਪੈਂਦਾ ਏ,

ਇਹ ਸਭ ਕੁਝ ਲੈ ਕੇ ਬਹਿ ਜਾਂਦਾ,

ਇਹ ਤਾਂ ਇੱਕ ਸੈਲਾਬ ਵਰਗਾ,

ਇਸ਼ਕ ਤਾਂ ਖਿੜ੍ਹਦਾ ਕੰਡਿਆਂ ਦੇ ਵਿੱਚ,

ਜੇ ਖਿੜ੍ਹ ਜਾਵੇ ਤਾਂ ਗੁਲਾਬ ਵਰਗਾ।

ਭੈੜਾ ਚੰਦਰਾ ਸੋਹਣਾ ਖੂਬ ਏ,

ਨਾ ਇਸ ਤੋਂ ਵੱਡਾ ਰੋਗ ਕੋਈ,

ਨਾ ਲੱਥਦਾ ਇਹ ਨਾ ਛੁੱਟਦਾ ਏ,

ਜਿਵੇਂ ਯੋਗੀ ਦਾ ਹੈ ਯੋਗ ਕੋਈ,

ਜਦ ਹੋ ਜਾਵੇ ਭੁੱਲ ਜਾਂਦਾ ਜੱਗ ਆ,

ਜਿਵੇਂ ਨਸ਼ਾ ਹੈ ਕੋਈ ਸ਼ਰਾਬ ਵਰਗਾ,

ਇਸ਼ਕ ਤਾਂ ਖਿੜ੍ਹਦਾ ਕੰਡਿਆਂ ਦੇ ਵਿੱਚ,

ਜੇ ਖਿੜ੍ਹ ਜਾਵੇ ਤਾਂ ਗੁਲਾਬ ਵਰਗਾ।

ਨਾ ਬਿਆਨ ਹੁੰਦਾ ਨਾ ਸਮਝ ਆਉਂਦੀ,

ਅੱਖ ਭੇਦ ਸਾਰੇ ਹੀ ਦੱਸ ਜਾਂਦੀ,

ਦਿਲ ਅੰਦਰ ਹੈ ਕੀ ਕੁਝ ਲੁਕਿਆ,

ਸਭ ਪਰਦੇ ਖੋਲ ਕੇ ਰੱਖ ਜਾਂਦੀ,

ਅਹਿਸਾਸ ਦਾ ਹੀ ਬਸ ਨਾਮ ਇਸ਼ਕ ਹੈ,

ਇਹ ਤਾਂ ਹਵਾ ਦੇ ਸ਼ਬਾਬ ਵਰਗਾ,

ਇਸ਼ਕ ਤਾਂ ਖਿੜ੍ਹਦਾ ਕੰਡਿਆਂ ਦੇ ਵਿੱਚ,

ਜੇ ਖਿੜ੍ਹ ਜਾਵੇ ਤਾਂ ਗੁਲਾਬ ਵਰਗਾ।

ਜਿਸ ਇਸ਼ਕ ਕੀਤਾ, ਓਹੀ ਜਾਣ ਸਕਦਾ,

ਮੰਗ ਜਿਸਮਾਂ ਦੀ ਨਾ, ਸਾਥ ਰੂਹਾਂ ਦਾ ਹੈ,

ਇਹ ਤਾਂ ਹੈ, ਗਹਿਰਾ ਵਾਂਗ ਸੁਮੰਦਰ,

ਪਾਣੀ ਡੂੰਘਾ ਜਿੱਦਾਂ, ਹੁੰਦਾ ਖੂਹਾਂ ਦਾ ਹੈ,

ਜੇ ਰੱਬ ਦਿਸ ਜਾਏ, ਉਸ ਯਾਰ ਅੰਦਰ,

ਤਾਂ ਦੁੱਧ ਨੂੰ ਲਗਾਈ ਇੱਕ ਜਾਗ ਵਰਗਾ,

ਇਸ਼ਕ ਤਾਂ ਖਿੜ੍ਹਦਾ ਕੰਡਿਆਂ ਦੇ ਵਿੱਚ,

ਜੇ ਖਿੜ੍ਹ ਜਾਵੇ ਤਾਂ ਗੁਲਾਬ ਵਰਗਾ।

## ਇੱਕ ਤਰਫਾ ਪਿਆਰ

ਕੁਝ ਸਮਝ ਨਾ ਆਵੇ, ਰੂਹ ਟੁੱਟਦੀ ਜਾਵੇ,

ਮੈਂ ਲੱਭਦੀ ਮਰ ਗਈ ਤੈਨੂੰ ਦੇਖਣਾ ਚਾਹੇ,

ਇਹ ਨਜ਼ਰਾਂ ਮੇਰੀਆਂ, ਹੋ ਗਈਆਂ ਬਜ਼ੁਰਗ ਜਿਹੀਆਂ,

ਤਾਂ ਵੀ ਇਹ ਜੱਗ ਵਿਚੋਂ ਤੈਨੂੰ ਹੀ ਟੋਲੇ,

ਇੱਕ ਤਰਫ਼ਾ ਪਿਆਰ ਮੇਰਾ ਤੈਨੂੰ ਏ ਬੋਲੇ,

ਮੇਰੇ ਪਿਆਰ ਦੇ ਘੜਿਆਂ ਨੂੰ ਕਾਹਤੋਂ ਤੂੰ ਡੋਲ੍ਹੇ।

ਹੱਥ ਨਾਲ, ਹੱਥ ਦੀ ਉਂਗਲ ਨਾਲ ਚੱਲਣਾ ਤੂੰ ਸਿੱਖਿਆ,

ਤੈਨੂੰ ਸਤਿ ਸੁਮੰਦਰ ਵਰਗਾ ਨਾ ਇੱਕ ਤਰਫ਼ਾ ਦਿੱਸਿਆ,

ਕਿੰਝ ਲੰਘਣਾ ਪਾਰ ਕਿਨਾਰੇ ਏ ਸੱਤ ਸੁਮੰਦਰਾਂ ਦੇ,

ਤੇ ਰੇਤ ਦੇ ਵਿੱਚੋਂ ਵੇ ਪਾਣੀ ਨੂੰ ਫੋਲੇਂ,

ਇੱਕ ਤਰਫ਼ਾ ਪਿਆਰ ਮੇਰਾ ਤੈਨੂੰ ਏ ਬੋਲੇ,

ਮੇਰੇ ਪਿਆਰ ਦੇ ਘੜਿਆਂ ਨੂੰ ਕਾਹਤੋਂ ਤੂੰ ਡੋਲ੍ਹੇ।

ਚੋਰੀ-ਚੋਰੀ ਤੂੰ ਛੱਡ ਗਿਆ, ਛੱਡ ਕੱਲਿਆਂ ਮੈਨੂੰ,

ਮੇਰੀ ਮਮਤਾ ਗਈ ਗਵਾਚ ਕਿਤੇ, ਹੁਣ ਤਰਸੇ ਤੈਨੂੰ,

ਖਿੰਡਿਆਂ ਏ ਰੋਮ-ਰੋਮ ਮੇਰਾ, ਇੱਕ ਕੰਬਣੀ ਛਿੜਦੀ ਏ,

ਕਿਸੇ ਚੀਜ ਬੇਗਾਨੀ ਵਾਗੂੰ ਕੰਡਿਆਂ ਵਿੱਚ ਤੋਲੇ,

ਇੱਕ ਤਰਫ਼ਾ ਪਿਆਰ ਮੇਰਾ ਤੈਨੂੰ ਏ ਬੋਲੇ,

ਮੇਰੇ ਪਿਆਰ ਦੇ ਘੜਿਆਂ ਨੂੰ ਕਾਹਤੋਂ ਤੂੰ ਡੋਲ੍ਹੇ।

ਮੈਂ ਮੁੱਕ ਜਾਣਾ ਏ ਲੱਗਦਾ ਨੌ ਮਹੀਨੇ ਕੁੱਖ ਵਿੱਚ ਰੱਖ ਕੇ,

ਮੇਰਾ ਸਬਰ ਭੁਲਾ ਦਿੱਤਾ ਕਿਸ ਨੂੰ ਤੂੰ ਰੱਖ ਕੇ,

ਮੈਂ ਰੋਵਾਂ ਤੇ ਕੁਰਲਾਵਾਂ, ਤੈਨੂੰ ਯਾਦ ਕਰੀ ਮੈਂ ਜਾਵਾਂ,

ਹੁਣ ਸੜ ਜਾਣੀ ਏ ਰੂਹ ਮੇਰੀ ਕਿਹੜੀ ਅੱਗ ਫਰੋਲੇਂ,

ਇੱਕ ਤਰਫ਼ਾ ਪਿਆਰ ਮੇਰਾ ਤੈਨੂੰ ਏ ਬੋਲੇ,

ਮੇਰੇ ਪਿਆਰ ਦੇ ਘੜਿਆਂ ਨੂੰ ਕਾਹਤੋਂ ਤੂੰ ਡੋਲ੍ਹੇ।

ਲੋਕੀ ਮੰਨਦੇ ਸੀ ਰੱਬ ਮੈਨੂੰ, ਹੁਣ ਰਹਿ ਗਈ ਮੈਂ ਬੋਝ ਬਣ ਕੇ,

ਕੋਈ ਦਿਲੋਂ ਕਰਦਾ, ਕੋਈ ਉੱਤੋਂ ਉੱਤੋਂ,

ਮੈਂ ਰਹਿ ਗਈ ਬੱਸ ਹੁਣ ਖੋਜ ਬਣ ਕੇ,

ਕੋਈ ਜਤਾ ਨਹੀਂ ਸਕਦਾ ਪਿਆਰ ਮੇਰਾ,

ਬੱਸ ਲਿਖਤਾਂ ਲਿਖਦੇ ਰਹਿੰਦੇ ਆ,

ਬੋਝ ਹੋ ਗਿਆ ਭਾਰੀ ਮੇਰਾ,

ਤਾਂਹੀ ਤਾਂ ਲੋਕੀ ਕਹਿੰਦੇ ਆ,

ਮੈਨੂੰ ਛੱਡ ਕੇ ਬਹੁਤੇ ਦੂਰ ਭੱਜਦੇ,

ਕਹਿੰਦੇ ਹੋ ਜਾਣਾ ਤਬਾਹ ਅਸੀਂ,

ਜੇ ਤੈਨੂੰ ਰੱਖੀਏ ਨਾਲ ਕਦੇ,

ਤੇ ਹੋ ਜਾਣਾ ਸਵਾਹ ਅਸੀਂ,

ਮੈਂ ਕੱਲੀ ਸੀ, ਕੱਲੀ ਨੇ ਰਹਿ ਜਾਣਾ,

ਸਭ ਦਿਲ ਦੇ ਰਿਸ਼ਤੇ ਜੋੜ ਕੇ ਮੈਂ,

ਤੈਨੂੰ ਜ਼ਿੰਦਗੀ ਆਪਣੀ ਦੇ ਜਾਣੀ,

ਖੁੱਦ ਨੂੰ ਖੁੱਦ ਨਾਲੋਂ ਤੋੜ ਕੇ ਮੈਂ।

# ਖਿਆਲ ਨੂੰ ਸਵਾਲ

ਇੱਕ ਸਵਾਲ,

ਲੱਗਾ ਕਰਨ ਬਵਾਲ,

ਕਹਿੰਦਾ ਸਾਧ,

ਜਾਂ ਚੋਰ ਏ,

ਤੂੰ ਸੱਪ,

ਜਾਂ ਮੋਰ ਏ,

ਮੈਂ ਕਿਹਾ ,

ਤੇਰੇ ਹੀ ਵਰਗਾ,

ਮੈਂ ਸਵਾਲ,

ਤੇਰਾ ਹੀ ਖਿਆਲ,

ਤੇਰੀ ਸੋਚ,

ਤੇਰਾ ਹੀ ਜ਼ਾਲ,

ਮੈਂ ਕਪਾਹ,

ਤੂੰ ਨਰਮ ਰੂੰ ਏ,

ਕੁਝ ਨਹੀਂ ਮੈਂ,

ਓਹੀ ਹਾਂ ਜੋ ਤੂੰ ਏ।

ਮੇਰੇ ਨਾਲੋਂ,

ਕਿਉਂ ਲੱਗੇ ਵੱਖ,

ਮੈਨੂੰ ਤਾਂਹੀ,

ਇਹ ਹੋਇਆ ਸ਼ੱਕ,

ਤੂੰ ਘੂਰੇਂ ਮੈਨੂੰ,

ਅੱਖਾਂ ਅੱਡ ਕੇ,

ਤੇਰੀ ਨਜ਼ਰ,

ਇਹ ਤੇਰੀ ਤੱਕਣੀ,

ਨਾ ਜਾਵੇ ,

ਛੱਡ ਕੇ,

ਕਹਿੰਦਾ ਮੈਂ ਸਾਫ,

ਤੂੰ ਕਾਲਾ,

ਜਿਵੇਂ ਬੱਟੂ ਮੂੰਹ ਏ,

ਕੁਝ ਨਹੀਂ ਮੈਂ,

ਓਹੀ ਹਾਂ ਜੋ ਤੂੰ ਏ।

ਤੇਰਾ ਇਹ,

ਲਿਬਾਸ ਵੀ,

ਮੇਰੇ ਵਰਗਾ,

ਕਿਉਂ ਲੱਗੇ ਮੈਨੂੰ,

ਤੈਨੂੰ ਦੇਖਿਆ ਤਾਂ,

ਦਿਲ ਮੇਰਾ,

ਅੰਦਰੋਂ ਅੰਦਰ,

ਕਿਉਂ ਕੰਬੇ,

ਵੱਜਣ ਡੂੰਘੇ,

ਰੂਹ ਨੂੰ ਵੱਢਣ,

ਤਿੱਖੇ ਜੋ ਰੰਬੇ,

ਜਲਿਆ ਅੰਦਰੋਂ,

ਵਾਂਗ ਕਾਲਾ ਧੂੰ ਏ,

ਕੁਝ ਨਹੀਂ ਮੈਂ,

ਓਹੀ ਹਾਂ ਜੋ ਤੂੰ ਏ।

ਇਹ ਤਾਂ ਇੱਕ,

ਖਿਆਲ ਸੀ,

ਸ਼ੀਸੇ ਚੋਂ ਤੱਕ,

ਡਰ ਲੱਗਾ,

ਹੋਇਆ ਬਹੁਤ,

ਬੁਰਾ ਹਾਲ ਸੀ,

ਗਿਆ ਬੋਲ ਕੇ,

ਤੂੰ ਭੈੜਾ ਏ,

ਜੱਗ ਨੂੰ ਜਿੱਤ,

ਕੀ ਕਰਨਾ,

ਬਦਲ ਖੁਦ ਨੂੰ,

ਜਿਵੇਂ ਧੁੱਪ ਦੀ,

ਚੁੱਭਦੀ ਲੂੰ ਏ,

ਕੁਝ ਨਹੀਂ ਮੈਂ,

ਓਹੀ ਹਾਂ ਜੋ ਤੂੰ ਏ।

ਮੈਂ ਸ਼ੀਸ਼ੇ 'ਚ,

ਤੇਰਾ ਅਕਸ਼ ਹਾਂ,

ਸਮਝਾ ਰਿਹਾ,

ਤੇਰੇ ਖਿਆਲਾਂ ਨੂੰ,

ਮੈਨੂੰ ਸੁਣ,

ਛੱਡ ਜੋ ਨੇ,

ਆਪਣੇ ਕੀਤੇ ਸਾਰੇ,

ਹੀ ਸਵਾਲਾਂ ਨੂੰ,

ਤੇਰਾ ਦਿਲ ਵੀ,

ਤੇਰੀ ਸੋਚ,

ਦੀ ਸੁਣਦਾ,

ਨਾ ਕਰਦਾ ਉਹ,

ਕੋਈ ਹਾਂ ਹੂੰ ਏ,

ਕੁਝ ਨਹੀਂ ਮੈਂ,

ਓਹੀ ਹਾਂ ਜੋ ਤੂੰ ਏ।

## ਬਾਪ

ਬਹੁਤ ਅਨੋਖਾ ਪਿਆਰ ਕਰੇ,

ਨਾ ਪੁੱਛਦਾ ਹੈ ਨਾ ਦੱਸਦਾ ਹੈ,

ਅੰਦਰ ਭਾਵੇਂ ਕੀ ਕੁਝ ਹੋਵੇ,

ਪਰ ਬਾਹਰੋਂ ਸਦਾ ਉਹ ਹੱਸਦਾ ਹੈ,

ਖੁਦ ਨੂੰ ਭਾਵੇਂ ਵੇਚ ਦੇਵੇ,

ਨਾ ਲੱਗਣ ਦੇਵੇ ਮੈਨੂੰ ਵਾ ਤੱਤੀ,

ਜਾਵੇ ਖੁਦ ਉਹ ਨੰਗੇ ਪੈਰੀਂ,

ਮੇਰੇ ਪੈਰੀਂ ਚੱਪਲ ਪਾ ਦਿੱਤੀ,

ਉਹਨੇ ਸੁਪਨੇ ਬੜੇ ਸਜਾਏ ਨੇ,

ਮੇਰੇ ਨਾਂਵੇ ਸਾਰੇ ਲਾਏ ਨੇ,

ਮੈਨੂੰ ਦੇਵੇ ਰਾਤਾਂ ਠੰਡੀਆਂ ਉਹ,

ਖੁਦ ਹਿੱਕ ਤੇ ਮੋਮ ਜਲਾਏ ਨੇ,

ਕੋਈ ਦੁੱਖ ਨਾ ਨੇੜੇ ਆਉਣ ਦੇਵੇ,

ਲੇਖਾਂ ਨਾਲ ਲੜ੍ਹਦਾ ਮੇਰੇ ਲਈ,

ਭਾਂਵੇ ਆਉਣ ਹਵਾਵਾਂ ਸੁੱਟਣ ਲਈ,

ਰੁੱਖ ਬਣ ਕੇ ਖੜ੍ਹਦਾ ਮੇਰੇ ਲਈ,

ਕਦੀ ਤਰਲੇ ਵੀ ਉਹ ਕਰ ਜਾਵੇ,

ਹਰ ਵਾਰੀ ਖੁਦ ਨੂੰ ਹਰ ਜਾਵੇ,

ਉਹਨੂੰ ਇੱਕੋ ਸੋਚ ਨੇ ਬੰਨਿਆ ਹੈ,

ਬਸ ਮੇਰਾ ਬੱਚਾ ਤਰ ਜਾਵੇ,

ਬੜੇ ਵਕਤ ਹੰਢਾਏ ਮੇਰੇ ਲਈ,

ਕੁਝ ਚੰਗੇ ਤੇ ਕੁਝ ਮਾੜੇ ਨੇ,

ਮੇਰਾ ਤਨ ਢੱਕਿਆ ਆ ਖੁਸ਼ ਹੋ ਕੇ,

ਭਾਂਵੇ ਆਪਣੇ ਕੱਪੜੇ ਪਾੜੇ ਨੇ,

ਖੁਦ ਬਾਪ ਗਰੀਬ ਓ ਰਹਿ-ਰਹਿ ਕੇ,

ਮੇਰੇ ਸਿਰ ਨੂੰ ਦਿੱਤੀ ਛੱਤ ਉਹਨੇ,

ਕਿਸੇ ਨਾਲ ਨਾ ਮਾੜਾ ਕਦੇ ਕਰੀਂ,

ਬਸ ਇਹੀ ਦਿੱਤੀ ਮੱਤ ਉਹਨੇ,

ਐਨੀ ਜੱਦੋ ਜ਼ਹਿਤ ਨਾ ਕਰ ਸਕਦਾ,

ਭਾਂਵੇ ਦੁਨੀਆਂ ਤੇ ਕੋਈ ਹੋਰ ਹੋਵੇ,

ਬਾਪ ਤਾਂ ਆਖਿਰ ਬਾਪ ਹੁੰਦਾ,

ਭਾਂਵੇ ਸਾਧੂ ਹੈ, ਭਾਂਵੇ ਚੋਰ ਹੋਵੇ,

ਇਹ ਲੇਖ ਗਰੀਬ ਨੇ ਬਾਪਾਂ ਦੇ,

ਤਕੜੇ ਕੋਲ ਤਾਂ ਵਕਤ ਨਹੀਂ,

ਪਰ ਪਿਆਰ ਤਾਂ ਸਭ ਦਾ ਇੱਕੋ ਹੈ,

ਕੋਈ ਇਹਦੇ ਵਿੱਚ ਹਾਂ ਫਰਕ ਨਹੀਂ,

ਕੋਈ ਇਹਦੇ ਵਿੱਚ ਹਾਂ ਤਰਕ ਨਹੀਂ।

www.punjabilibrary.com

## ਕਰਮਾਂ ਮਾਰੀ

ਮੈਂ ਮੁਕਜਾਂ ਮੇਰੀ ਰੂਹ ਨਾ ਮੁੱਕੀ,

ਤੇ ਅੰਦਰੋਂ ਕਿਧਰੇ ਖੋ ਗਈ ਮੈਂ,

ਮੈਂ ਜਾਗਦੀ ਵੀ ਸੁੱਤੀ ਜਿਹੀ ਲੱਗਦੀ ਹਾਂ,

ਤੇ ਕਦੀ ਸੁਪਨਿਆਂ ਵਿੱਚ ਵੀ ਸੌਂ ਗਈ ਮੈਂ,

ਜਦੋਂ ਪਈ ਪੁਕਾਰ ਮੈਨੂੰ ਵਿੱਚ ਹਿਜ਼ਰ ਦੇ,

ਸੱਚੀ ਵਿੱਚ ਕਲੇਜ਼ਿਓ ਰੋ ਪਈ ਮੈਂ,

ਵੱਜਣ ਦਿਲਾਂ ਵਿੱਚ ਮੇਰੇ ਖੁਭ-ਖੁੱਭ ਛੁਰੀਆਂ,

ਲੱਗੇ ਖ਼ੂਨੀ ਕੰਧ ਨੂੰ ਢੋਹ ਗਈ ਮੈਂ,

ਕੁਝ ਅੰਦਰੋਂ-ਅੰਦਰੇ ਮੈਨੂੰ ਖਾਈ ਜਾਵੇ,

ਪੀੜ ਜ਼ਖਮਾਂ ਵਾਲੀ ਹਾਂ ਲੋਹ ਗਈ ਮੈਂ,

ਗੱਲਾਂ ਕਰਾਂ ਮੈਂ ਮੇਰੇ ਅੰਦਰ ਬਾਹਰ,

ਤੇ ਬਾਹਰੋਂ-ਬਾਹਰ ਮੋਹ ਗਈ ਮੈਂ,

ਹੁਣ ਸਮਝ ਨਾ ਆਵੇ ਕੀ ਸੀ ਚੰਦਰਾ,

ਜਿੰਨੇ ਸੱਟ ਹਿਜ਼ਰ ਦੀ ਮਾਰੀ,

ਜਾਂ ਤਾਂ ਫਿਰ ਉਹ ਯੋਗੀ ਸੀ,

ਜਾਂ ਮੈਂ ਹੀ ਕਰਮਾਂ ਮਾਰੀ ਸੀ,

ਜਾਂ ਮੈਂ ਹੀ ਕਰਮਾਂ ਮਾਰੀ ਸੀ,

## ਝੁੱਗੀਆਂ ਦੇ ਹਾਸੇ

ਘਰ ਰੇਤਾ ਵਾਲੇ ਢਹਿ ਗਏ ਨੇ,

ਗੱਲ ਜਾਂਦੇ ਜਾਂਦੇ ਕਹਿ ਗਏ ਨੇ,

ਸਭ ਤੇਰੇ ਹਿੱਸੇ ਨੇ ਸੱਜਣਾ,

ਤੇਰੇ ਹਾਸੇ ਜਿਹੜੇ ਰਹਿ ਗਏ ਨੇ,

ਇਹ ਦੌਰ ਤਾਂ ਤੁਰਦੀ ਮਿੱਟੀ ਦਾ,

ਜੋ ਕਦੇ ਵੀ ਸੋਨਾ ਹੋ ਨੀ ਸਕਦਾ,

ਲੱਖ ਪਾਉਣ ਗਰੀਬੀ ਪਿੰਜਰੇ 'ਚ,

ਕੋਈ ਝੁੱਗੀਆਂ ਦੇ ਹਾਸੇ ਖੋਹ ਨੀ ਸਕਦਾ।

ਤੂੰ ਵਕਤ ਦੀ ਮਾਰ ਦਾ ਮਰਿਆ ਏ,

ਕੋਈ ਕੀ ਜਾਣੇ ਕੀ ਜ਼ਰਿਆ ਏ,

ਦਰ-ਦਰ ਤੇ ਠੋਕਰ ਖਾ ਕੇ ਵੀ,

ਬੜਾ ਕਿਸਮਤ ਦੇ ਨਾਲ ਲੜਿਆ ਏ,

ਤੂੰ ਅੰਦਰੋਂ ਜਿੰਨਾ ਤੜਪਦਾ ਏ,

ਕਿਉਂ ਬਾਹਰੋਂ ਐਨਾ ਰੋ ਨੀ ਸਕਦਾ,

ਲੱਖ ਪਾਉਣ ਗਰੀਬੀ ਪਿੰਜਰੇ 'ਚ,

ਕੋਈ ਝੁੱਗੀਆਂ ਦੇ ਹਾਸੇ ਖੋਹ ਨੀ ਸਕਦਾ।

ਕਦੀ ਨਾਮ ਮਿਲੇ ਤੈਨੂੰ ਮੰਗਤੇ ਦਾ,

ਕਦੇ ਆਣ ਭਿਖਾਰੀ ਬੋਲੇ ਕੋਈ,

ਕੀ ਜਿੱਲ੍ਹਤ ਝੱਲ ਕੇ ਕਰਦਾ ਹੈ,

ਤੈਨੂੰ ਅੰਦਰੋਂ ਵੀ ਤਾਂ ਟੋਲ੍ਹੇ ਕੋਈ,

ਸਾਰੇ ਪਹਿਰ ਗੁਜ਼ਾਰ ਕੇ ਰਾਹਾਂ ਤੇ,

ਬਿਨ ਮਹਿਲਾਂ ਦੇ ਕੋਈ ਸੌਂ ਨੀ ਸਕਦਾ,

ਲੱਖ ਪਾਉਣ ਗਰੀਬੀ ਪਿੰਜਰੇ 'ਚ',

ਕੋਈ ਝੁੱਗੀਆਂ ਦੇ ਹਾਸੇ ਖੋਹ ਨੀ ਸਕਦਾ।

ਕਿਉਂ ਮਿਹਨਤ ਤੇਰੇ ਨਸੀਬ ਨਹੀਂ,

ਕਿਉਂ ਦੁਨੀਆ ਤੇਰੇ ਕਰੀਬ ਨਹੀਂ,

ਜੇ ਬਦਲ ਲਵੇਂ ਤੂੰ ਲੇਖਾਂ ਨੂੰ,

ਤੇਰੇ ਜਿਹਾ ਤਾਂ ਕੋਈ ਹਬੀਬ ਨਹੀਂ,

ਇਹ ਹਾਸੇ ਕਿਸੇ ਦੀ ਜਾਗੀਰ ਨਹੀਂ,

ਕੋਈ ਪੈਸੇ ਨਾਲ ਇਹ ਮੋਹ ਨੀ ਸਕਦਾ,

ਲੱਖ ਪਾਉਣ ਗਰੀਬੀ ਪਿੰਜਰੇ 'ਚ,

ਕੋਈ ਝੁੱਗੀਆਂ ਦੇ ਹਾਸੇ ਖੋਹ ਨੀ ਸਕਦਾ।

ਤੇਰੇ ਹਾਸੇ ਤੇਰੇ ਹੱਥ ਵਿੱਚ ਨੇ,

ਕਦੇ ਭਵਿੱਖ ਨੂੰ ਕੁਝ ਬਲਵਾਨ ਕਰੀਂ,

ਮੰਜ਼ਿਲ ਵੀ ਮਿਲ ਜਾਊ ਤੁਰਿਆ ਜਾ,

ਜੱਗ ਜਿੱਤ ਕੇ ਫਿਰ ਆਰਾਮ ਕਰੀਂ,

ਜੱਗ ਫਕਰ ਕਰੂ ਤੇਰੀ ਮਿਹਨਤ ਤੇ,

ਤੇਰੀ ਹਵਾ ਨੂੰ ਫਿਰ ਕੋਈ ਛੋਹ ਨੀ ਸਕਦਾ,

ਲੱਖ ਪਾਉਣ ਗਰੀਬੀ ਪਿੰਜਰੇ 'ਚ,

ਕੋਈ ਝੁੱਗੀਆਂ ਦੇ ਹਾਸੇ ਖੋਹ ਨੀ ਸਕਦਾ।

## ਚਲਾਕੀਆਂ

ਨਾ ਮੈਂ ਅਨਜਾਣ,

ਨਾ ਤੂੰ ਅਨਜਾਣ,

ਦੋਨੋ ਹਾਂ ਵੱਖਰੇ,

ਇੱਕੋ ਹੈ ਪਰ ਜਾਨ,

ਜੋ ਕਰਦਾ ਹੈ ਤੂੰ,

ਤੈਨੂੰ ਪੈਣ ਗੀਆਂ ਥਾਪੀਆਂ,

ਵੇ ਮੈਂ ਜਾਣਦੀ ਹਾਂ ਸਭ,

ਨਾ ਕਰ ਤੂੰ ਚਲਾਕੀਆਂ।

ਤੇਰੇ ਕਰਕੇ ਮੈਂ,

ਬਦਲ ਲਏ ਨੇ ਢੰਗ,

ਜੇ ਮੈਂ ਵੀ ਬਦਲ ਗਈ,

ਤਾਂ ਜਾਣੀ ਛਿੜ ਜੰਗ,

ਕਿਹੜੇ ਤੇਰੇ ਰਾਜ਼,

ਜੋ ਕਰਦਾ ਏਂ ਰਾਖੀਆਂ,

ਵੇ ਮੈਂ ਜਾਣਦੀ ਹਾਂ ਸਭ,

ਨਾ ਕਰ ਤੂੰ ਚਲਾਕੀਆਂ।

ਤੂੰ ਨਠੱਲਾ ਏਂ,

ਜਾਣੇ ਕੋਈ ਹੋਰ ਨਾ,

ਜੇ ਸਾਰੇਂ ਮੇਰੇ ਬਿਨ,

ਵੀ ਮੈਨੂੰ ਕੋਈ ਲੋੜ ਨਾ,

ਨਾ ਨਿਭਣੀ ਸੀ ਤੇਰੇ ਤੋਂ,

ਮਿਲਾ ਲੈਂਦਾ ਰਾਸ਼ੀਆਂ,

ਵੇ ਮੈਂ ਜਾਣਦੀ ਹਾਂ ਸਭ,

ਨਾ ਕਰ ਤੂੰ ਚਲਾਕੀਆਂ।

ਤੇਰੇ ਸਾਰੇ ਰੰਗ,

ਜਾਣਾ ਵੱਧ ਤੇਰੇ ਤੋਂ,

ਚੁੱਪ ਕਰ, ਸੁਣੀ ਜਾ,

www.punjabilibrary.com

ਕੁੱਟ ਖਾ ਲਵੀਂ ਨਾ ਮੇਰੇ ਤੋਂ,

ਸੱਟਾਂ ਗੁੱਜੀਆਂ ਮੈਂ ਲਾਊਂ,

ਜਦ ਪੈਣੀਆਂ ਏਂ ਹਾਕੀਆਂ,

ਵੇ ਮੈਂ ਜਾਣਦੀ ਹਾਂ ਸਭ,

ਨਾ ਕਰ ਤੂੰ ਚਲਾਕੀਆਂ।

ਬਹੁਤਾ ਬਣ ਨਾ ਸ਼ਰੀਫ,

ਕਰਤੂਤਾਂ ਸਭ ਜਾਣਦੀ,

ਮੇਰੀ ਜਾਨ ਤੇ ਜਹਾਨ ਤੂੰ,

ਤਾਂ ਹੀ ਹਾਸੇ ਵਿੱਚ ਮਾਣਦੀ,

ਵੇ ਤੂੰ ਸੁਧਰ ਵੀ ਜਾ ਹੁਣ,

ਗੱਲਾਂ ਕੀਤੀਆਂ ਮੈਂ ਸਾਚੀਆਂ,

ਵੇ ਮੈਂ ਜਾਣਦੀ ਹਾਂ ਸਭ,

ਨਾ ਕਰ ਤੂੰ ਚਲਾਕੀਆਂ।

www.punjabilibrary.com

## ਤੇਰੀ ਕਰਾਂ ਇਬਾਦਤ

ਮੇਰੀ ਹਰ ਮੰਗ ਵਿੱਚ ਬਸ ਤੂੰ ਹੀ ਏ,

ਕੁਝ ਤੇਰੇ ਬਿਨ ਨਾ ਚਾਹਾਂ ਮੈਂ,

ਮੇਰਾ ਪਲ-ਪਲ ਮੇਰੀ ਜਿੰਦਗੀ ਦਾ,

ਨਾਮ ਕੀਤੀਆਂ ਤੇਰੇ ਸਾਹਾਂ ਮੈਂ,

ਤੂੰ ਜਿੱਤ ਲੈ ਜਾਵੇਂ, ਮੈਨੂੰ ਜੱਗ ਕੋਲੋਂ,

ਮੈਂ ਤੈਥੋਂ ਸਭ ਕੁਝ ਹਾਰਾਂ ਵੇ,

ਮੈਂ ਰੱਬ ਦੇ ਵਾਗੂੰ ਏਸੇ ਲਈ,

ਤੇਰੀ ਕਰਾਂ ਇਬਾਦਤ ਯਾਰਾ ਵੇ।

ਮੈਂ ਜਿੱਥੇ ਵੇਖਾਂ ਤੂੰ ਦਿਸਦਾ,

ਜਿਵੇਂ ਰੱਬ ਦਾ ਹੀ ਪਰਛਾਵਾਂ ਏਂ,

ਮੈਂ ਘੁੰਗਰੂ ਬੰਨ ਕੇ ਨੱਚ ਲਾਂ ਗੀ,

ਨੱਚ-ਨੱਚ ਕੇ ਇਸ਼ਕ ਦਿਖਾਵਾਂ ਮੈਂ,

ਤਸਵੀਰ ਤੇਰੀ ਮੈਂ ਹਿੱਕ ਨਾਲ ਲਾਈ,

ਜੁੜ ਡੂੰਘੀਆਂ ਗਈਆਂ ਤਾਰਾਂ ਵੇ,

ਮੈਂ ਰੱਬ ਦੇ ਵਾਗੂੰ ਏਸੇ ਲਈ,

ਤੇਰੀ ਕਰਾਂ ਇਬਾਦਤ ਯਾਰਾ ਵੇ।

ਤੂੰ ਹੱਸ ਕੇ ਤੱਕ ਲੈ ਇੱਕ ਵਾਰੀ,

ਦੇ ਜਿੰਦਗੀ ਕਦੇ ਨਿਖਾਰ ਮੇਰੀ,

ਇਹ ਅੱਧ ਵਿਚਕਾਰ ਹੀ ਡੁੱਬਜੇ ਨਾ,

ਇਹ ਬੇੜੀ ਕਰਦੇ ਪਾਰ ਮੇਰੀ,

ਤੇਰਾ ਨੂਰ ਹੀ ਸੱਜਣਾ ਰੱਬ ਵਰਗਾ,

ਦਿਲ ਕਰਦਾ ਸਭ ਕੁਝ ਵਾਰਾਂ ਵੇ,

ਮੈਂ ਰੱਬ ਦੇ ਵਾਗੂੰ ਏਸੇ ਲਈ,

ਤੇਰੀ ਕਰਾਂ ਇਬਾਦਤ ਯਾਰਾ ਵੇ।

ਮੈਨੂੰ ਇੱਕੋ ਅੱਖਰ ਚੇਤੇ ਹੈ,

ਤੇਰੇ ਨਾਮ ਬਿਨਾਂ ਕੁਝ ਸੁੱਝਦਾ ਨਾ,

ਤਾਂਹੀ ਤਾਂ ਤੈਨੂੰ ਰੱਬ ਮੰਨਦੀ,

ਕੋਈ ਤੇਰੇ ਬਿਨ ਗੱਲ ਬੁੱਝਦਾ ਨਾ,

ਮੈਂ ਮਰਜੂੰ, ਸਾਹ ਨਹੀਂ ਆਉਣੇ ਵੇ,

ਨਾ ਲਾਵੀਂ ਕੋਈ ਲਾਰਾ ਵੇ,

ਮੈਂ ਰੱਬ ਦੇ ਵਾਗੂੰ ਏਸੇ ਲਈ,

ਤੇਰੀ ਕਰਾਂ ਇਬਾਦਤ ਯਾਰਾ ਵੇ।

## ਟੁੱਟੇ ਨਸੀਬ

ਮੈਂ ਟੁੱਟੀ, ਮੇਰੀ ਰੂਹ ਟੁੱਟੀ,

ਨਾਲੇ ਟੁੱਟ ਗਏ ਮੇਰੇ ਨਸੀਬ।

ਟੌਂਟਾਂ ਮਾਰਨ ਕੰਧਾਂ ਮੈਨੂੰ,

ਘਰ ਦੀਆਂ ਦਹਿਲੀਜ਼ਾਂ ਤੇ,

ਮੇਹਣੇ ਪੈਂਦੇ ਇਸ਼ਕੇ ਵਾਲੇ,

ਬੀਜੇ ਤੇਰੇ ਬੀਜਾਂ ਤੇ,

ਦੂਰ ਹੋ ਗਏ ਦਿਲ ਮੇਰੇ ਤੋਂ,

ਜੋ  ਸੀ ਮੇਰੇ ਕਰੀਬ,

ਮੈਂ ਟੁੱਟੀ, ਮੇਰੀ ਰੂਹ ਟੁੱਟੀ,

ਨਾਲੇ ਟੁੱਟ ਗਏ ਮੇਰੇ ਨਸੀਬ।

ਤੂੰ ਤਾਂ ਨੋਚ ਕੇ ਖਾਹ ਲਈ ਕੱਲੀ,

ਹੱਢ ਤੇ ਮਾਸ ਨਾ ਛੱਡਿਆ ਏ,

ਹੋਰ ਬਣਾ ਕੇ ਦਰਦੀ ਆਪਣੀ,

ਮੈਨੂੰ ਰਾਹ ਚੋਂ ਕੱਢਿਆ ਏ,

ਆਪ ਖਾਵੇਂ ਰੂਹ ਦੀਆਂ ਕੱਢੀਆਂ,

ਲੈ ਕੇ ਜਿਸਮ ਲਜ਼ੀਜ਼,

ਮੈਂ ਟੁੱਟੀ, ਮੇਰੀ ਰੂਹ ਟੁੱਟੀ,

ਨਾਲੇ ਟੁੱਟ ਗਏ ਮੇਰੇ ਨਸੀਬ।

ਹੰਢੀ ਵਰਤੀ ਪੈਸੇ ਵਾਗੂੰ,

ਮੁੱਲ ਪਾਇਆ ਅੱਖ ਲੜੀਆਂ ਦਾ,

ਖ਼ੁੱਦ ਨੂੰ ਆਸ਼ਿਕ ਕੱਲਾ ਦੱਸਕੇ,

ਆਸ਼ਿਕ ਬਣਿਆ ਬੜੀਆਂ ਦਾ,

ਤੂੰ ਤੇ ਭੈੜਾ ਦੁਸ਼ਮਣ ਨਿਕਲਿਆ,

ਸਭ ਲੁੱਟਿਆ ਬਣ ਹਬੀਬ,

ਮੈਂ ਟੁੱਟੀ, ਮੇਰੀ ਰੂਹ ਟੁੱਟੀ,

ਨਾਲੇ ਟੁੱਟ ਗਏ ਮੇਰੇ ਨਸੀਬ।

ਚਾਰ ਚੁਫੇਰੇ ਰਾਤ ਹਨ੍ਹੇਰਾ,

ਖ਼ੁੱਦ ਤੇ ਦਾਗ ਜਿਹਾ ਲੱਗਦਾ ਏ,

ਦਿਨ ਚੜ੍ਹਦੇ ਹੀ ਖ਼ੁੱਦ ਨੂੰ ਕੋਸਾਂ,

ਕੋਈ ਮੰਦਾ ਰਾਗ ਜਿਹਾ ਲੱਗਦਾ ਏ,

ਤੂੰ ਗੀਤਕਾਰ ਮੈਂ ਗਜ਼ਲ ਭੈੜੀ,

ਮੈਂ ਸੀ ਤੇਰੀ ਮੁਰੀਦ,

ਮੈਂ ਟੁੱਟੀ, ਮੇਰੀ ਰੂਹ ਟੁੱਟੀ,

ਨਾਲੇ ਟੁੱਟ ਗਏ ਮੇਰੇ ਨਸੀਬ,

ਮੈਂ ਟੁੱਟੀ, ਮੇਰੀ ਰੂਹ ਟੁੱਟੀ,

ਨਾਲੇ ਟੁੱਟ ਗਏ ਮੇਰੇ ਨਸੀਬ।

## ਮਿੱਟੀ ਦੇ ਗਹਿਣੇ

ਮਿੱਟੀ ਵਿੱਚ ਜਦ ਪਾਇਆ ਪਾਣੀ,

ਜੁੜ ਜਾਵੇ ਇੱਕ ਹੋਰ ਕਹਾਣੀ,

ਦੋਨੋ ਗੋਤੇ ਖਾਂਦੇ-ਖਾਂਦੇ,

ਹੋ ਜਾਂਦੇ ਆ ਹਾਣੋ-ਹਾਣੀ,

ਫਿਰ ਮੈਨੂੰ ਘੜੇ ਘੁਮਿਆਰ ਜਦੋਂ,

ਕਰੇ ਮਿੱਟੀ ਨਾਲ ਲੜਾਈ ਆ,

ਮਿੱਟੀ ਦੇ ਗਹਿਣਿਆਂ ਨਾਲ,

ਮੇਰੀ ਹਸਤੀ ਖ਼ੂਬ ਸਜਾਈ ਆ।

ਪਹਿਲਾਂ ਪੈਰਾਂ ਤੋਂ ਸ਼ੁਰੂਆਤ ਕਰੇ,

ਖੁਦ ਖਿਆਲਾਂ ਨਾਲ ਗੱਲਬਾਤ ਕਰੇ,

ਹਰ ਹਿੱਸਾ ਖ਼ੂਬ ਨਿਖਾਰ ਦੇਵੇ,

ਇਹ ਜੱਗ ਵੀ ਉਹਦੀ ਆਭਾਂਤ ਕਰੇ,

ਮਿੱਟੀ ਸੋਹਣਾ ਕਰਨੇ ਲਈ,

ਜਾਂਦਾ ਮਿੱਟੀ ਹੀ ਚੜ੍ਹਾਈ ਆ,

ਮਿੱਟੀ ਦੇ ਗਹਿਣਿਆਂ ਨਾਲ,

ਮੇਰੀ ਹਸਤੀ ਖ਼ੂਬ ਸਜਾਈ ਆ।

ਹੌਲੀ-ਹੌਲੀ ਰੀਝਾਂ ਲਾ ਕੇ,

ਮਿੱਟੀ ਵਿੱਚ ਪਿਆਰ ਆਪਣਾ ਪਾ ਕੇ,

ਹੋਰ ਸੋਹਣੀ ਉਹ ਕਰਨੇ ਲਈ,

ਵੇਖੇ ਵਾਰੋ-ਵਾਰੀ ਢਾਹ ਕੇ,

ਉਹਦੀ ਸੋਚ ਤਾਂ ਜਿੱਦਾਂ ਰੱਬ ਵਰਗੀ,

ਜਿਵੇਂ ਰੱਬ ਦੀ ਕੋਈ ਖ਼ੁਦਾਈ ਆ,

ਮਿੱਟੀ ਦੇ ਗਹਿਣਿਆਂ ਨਾਲ,

ਮੇਰੀ ਹਸਤੀ ਖ਼ੂਬ ਸਜਾਈ ਆ।

ਨੱਕ ਤਿੱਖਾ ਤਲਵਾਰ ਬਣਾਇਆ,

ਇੱਕ-ਇੱਕ ਅੰਗ ਲਾ ਖ਼ੁਆਬ ਮਨਾਇਆ,

ਲੰਬੇ ਕਾਲੇ ਵਾਲ ਬਣਾ ਕੇ,

ਜਿੱਦਾਂ ਸਵਰਗ ਦਰਬਾਰ ਸਜਾਇਆ,

ਇੰਦਰ ਵੇਖ ਕੇ ਹੁਸਨ ਮੇਰਾ ਤਾਂ,

ਆਪਣੀ ਜਾਨ ਲੁਟਾਈ ਆ,

ਮਿੱਟੀ ਦੇ ਗਹਿਣਿਆਂ ਨਾਲ,

ਮੇਰੀ ਹਸਤੀ ਖ਼ੂਬ ਸਜਾਈ ਆ।

ਵੇਸ ਬਣਾ ਕੇ ਦੇਵੀ ਵਾਲਾ,

ਚੁਣ-ਚੁਣ ਕੇ ਦਿੱਤੇ ਰੰਗ ਗੂੜ੍ਹੇ,

ਹੀਰਿਆਂ ਵਰਗੇ ਮਿੱਟੀ ਦੇ ਗਹਿਣੇ,

ਕੰਨੀ ਝੁਮਕੇ, ਪੈਰੀਂ ਝਾਂਜਰਾਂ ਦੇ ਸੰਗ ਗੂੜ੍ਹੇ,

ਲੱਗੇ ਰੱਬ ਵੀ ਆਸ਼ਕ ਹੋ ਜਾਣਾ,

ਉਸ ਆਸ਼ਕ ਅਰਜ ਸੁਣਾਈ ਆ,

ਮਿੱਟੀ ਦੇ ਗਹਿਣਿਆਂ ਨਾਲ,

ਮੇਰੀ ਹਸਤੀ ਖ਼ੂਬ ਸਜਾਈ ਆ।

## ਮੇਰੀ ਮਾਂ ਹੀ ਮੇਰੀ ਜੰਨਤ ਹੈ

ਕਿੰਨੇ ਜ਼ਫਰ ਹੈ ਗਾਲੇ ਮਾਂ,

ਵੇਚ ਖੁਦ ਨੂੰ ਬੱਚੇ ਪਾਲੇ ਮਾਂ,

ਉਹਦੇ ਦੁੱਧ ਦਾ ਕਰਜ ਹੈ ਚੜਿਆ ਜੋ,

ਕੁਝ ਮੰਗਦੀ ਨਾ ਸਭ ਟਾਲੇ ਮਾਂ,

ਮੇਰੇ ਦੁੱਖ ਸਾਰੇ ਓ ਵੇਚ ਦੇਵੇ,

ਮੇਰੇ ਹਾਸਿਆਂ ਦੀ ਕੀ ਥੋੜ ਹੈ,

ਮੇਰੀ ਮਾਂ ਹੀ ਮੇਰੀ ਜੰਨਤ ਹੈ,

ਮੈਨੂੰ ਸਵਰਗਾਂ ਦੀ ਕੀ ਲੋੜ ਹੈ।

ਜਦ ਜੰਮਿਆ ਲਾਇਆ ਛਾਤੀ ਨਾਲ,

ਲੱਖ ਪੀੜਾਂ ਜਗ ਦੀਆਂ ਝੱਲੀਆਂ ਨੇ,

ਸਭ ਆਪ ਹੰਢਾਕੇ ਦਿਲ ਉੱਤੇ,

ਮੇਰੇ ਲਈ ਖੁਸ਼ੀਆਂ ਮੱਲੀਆਂ ਨੇ,

ਹੋਰ ਰਿਸ਼ਤੇ ਲੱਖਾਂ ਦੁਨੀਆਂ ਤੇ,

ਮਾਂ ਪੁੱਤ ਦਾ ਵੱਖਰਾ ਜੋੜ ਹੈ,

ਮੇਰੀ ਮਾਂ ਹੀ ਮੇਰੀ ਜੰਨਤ ਹੈ,

ਮੈਨੂੰ ਸਵਰਗਾਂ ਦੀ ਕੀ ਲੋੜ ਹੈ।

ਬਣ ਬਾਪ ਵੀ ਵਕਤ ਹੰਢਾਏ ਨੇ,

ਸਭ ਬੱਚਿਆਂ ਨਾਂਵੇ ਲਾਏ ਨੇ,

ਖੜ੍ਹ ਜਾਂਦੀ ਹੈ ਮਾਂ ਕੱਲੀ ਹੀ,

ਕੱਲੀ ਨੇ ਜਿਸਮ ਜਲਾਏ ਨੇ,

ਸਭ ਕਰਦੀ ਹੈ ਬਸ ਬੱਚਿਆਂ ਲਈ,

ਨਾ ਇਸ ਵਿੱਚ ਕੋਈ ਚੌੜ ਹੈ,

ਮੇਰੀ ਮਾਂ ਹੀ ਮੇਰੀ ਜੰਨਤ ਹੈ,

ਮੈਨੂੰ ਸਵਰਗਾਂ ਦੀ ਕੀ ਲੋੜ ਹੈ।

ਰੋਟੀ ਦੇ ਕੇ ਬੱਚਿਆਂ ਨੂੰ,

ਖੁਦ ਸੌਂ ਜਾਂਦੀ ਹੈ ਭੁੱਖੀ,

ਪੀੜ ਹੰਢਾ ਕੇ ਜਿਸਮ ਤੇ ਵੀ ਓ,

ਪਰ ਮਮਤਾ ਕਦੇ ਨਾ ਮੁੱਕੀ,

ਕੌਣ ਬਿਨਾਂ ਮਾਂ ਕਰ ਸਕਦਾ,

ਬਸ ਮਾਂ ਹੀ ਐਸਾ ਮੋੜ ਹੈ,

ਮੇਰੀ ਮਾਂ ਹੀ ਮੇਰੀ ਜੰਨਤ ਹੈ,

ਮੈਨੂੰ ਸਵਰਗਾਂ ਦੀ ਕੀ ਲੋੜ ਹੈ।

ਮੈ ਤਾਂ ਰੱਬ ਮੰਨਦਾ ਹਾਂ ਮਾਂ ਨੂੰ,

ਉਹ ਹੋਰ ਹੋਣੇ ਜੋ ਛੱਡ ਜਾਂਦੇ,

ਮੇਰੀ ਮਾਂ ਦੇ ਪੈਰ ਮੈਂ ਧੋ ਪੀ ਲਾਂ,

ਉਹ ਪਾਪੀ, ਘਰ ਚੋਂ ਕੱਢ ਜਾਂਦੇ,

ਮਾਂ ਜਿਹਾ ਨਾ ਕੋਈ ਹੋਰ ਏਥੇ,

ਬੜੇ ਰਿਸ਼ਤੇ ਭਾਂਵੇ ਹੋਰ ਹੈ,

ਮੇਰੀ ਮਾਂ ਹੀ ਮੇਰੀ ਜੰਨਤ ਹੈ,

ਮੈਨੂੰ ਸਵਰਗਾਂ ਦੀ ਕੀ ਲੋੜ ਹੈ।

## ਮੈਂ ਸੋਹਣੀ ਮੇਰਾ ਯਾਰ ਸੋਹਣਾ

ਯਾਰ ਮੇਰਾ ਹੈ ਰੱਬ ਵਰਗਾ,

ਤੇ ਸੋਹਣਾ ਰੰਗ ਬਦਾਮੀ ਏ,

ਹੱਸਦਾ ਚਹਿਰਾ ਇੰਝ ਲੱਗਦਾ,

ਜਿਵੇਂ ਜੁਗਨੂੰ ਆਉਂਦੇ ਸ਼ਾਮੀ ਏ,

ਮੈਂ ਡੋਰ ਓਹਦੀ ਬਣ ਉੱਡ ਜਾਵਾਂ,

ਚੜ੍ਹੇ ਪਿਆਰ ਦੀ ਗੁੱਡੀ ਟਿੱਕੇ ਜੋ,

ਮੈਂ ਸੋਹਣੀ ਮੇਰਾ ਯਾਰ ਸੋਹਣਾ

ਹੋਰ ਬਾਕੀ ਲੱਗਦੇ ਫਿੱਕੇ ਜੋ।

ਕੋਈ ਦੁਨੀਆ ਦੀ ਪਰਵਾਹ ਹੈਨੀ,

ਇੱਕ ਵੱਖਰਾ ਜੱਗ ਵਸਾ ਲਈਏ,

ਇੱਕ ਉਹਦੇ ਮੇਰੇ ਖ੍ਵਾਬਾਂ ਦੀ,

ਇੱਕ ਦੁਨੀਆ ਨਵੀਂ ਬਣਾ ਲਈਏ,

ਉਹ ਸਾਹ ਮੇਰੇ ਸਭ ਖਰੀਦ ਲਵੇ,

ਹਾਂ ਇੱਕ-ਇੱਕ ਕਰਕੇ ਵਿੱਕੇ ਜੋ,

ਮੈਂ ਸੋਹਣੀ ਮੇਰਾ ਯਾਰ ਸੋਹਣਾ

ਹੋਰ ਬਾਕੀ ਲੱਗਦੇ ਫਿੱਕੇ ਜੋ।

ਉਹ ਅੱਗ ਦੇ ਵਰਗਾ ਪਾਕ ਕੋਈ,

ਬੜਾ ਖਾਸ ਮੇਰੇ ਲਈ ਆਇਆ ਏ,

ਉਸ ਰੱਬ ਨੇ ਉਸ ਨੂੰ ਫੁਰਸਤ 'ਚ,

ਬਸ ਮੇਰੇ ਲਈ ਬਣਾਇਆ ਏ,

ਨਾ ਸੋਹਣਾ ਉਸ ਦੇ ਵਰਗਾ ਕੋਈ,

ਭਾਂਵੇ ਲੱਖ ਸੋਨੇ ਦੇ ਸਿੱਕੇ ਜੋ,

ਮੈਂ ਸੋਹਣੀ ਮੇਰਾ ਯਾਰ ਸੋਹਣਾ

ਹੋਰ ਬਾਕੀ ਲੱਗਦੇ ਫਿੱਕੇ ਜੋ।

ਹੈ ਠੰਡੀ ਸ਼ੀਤ ਲਹਿਰ ਜਿਹਾ,

ਤੇ ਉਹਦਾ ਇਸ਼ਕ ਆਕਾਸ਼ ਜਿਹਾ,

ਸਭ ਸਦਰਾਂ ਉਸ ਦੇ ਨਾਂਵੇ ਨੇ,

ਮੇਰੀ ਪਿਆਸੀ ਦੀ ਉਹ ਪਿਆਸ ਜਿਹਾ,

ਮੈਂ ਰੰਗ ਸਾਰੇ ਉਹਨੂੰ ਦੇ ਦਿੱਤੇ,

ਫੁੱਲ ਪੈਰੀਂ ਝਾੜੇ ਵਿੱਛੇ ਜੋ,

ਮੈਂ ਸੋਹਣੀ ਮੇਰਾ ਯਾਰ ਸੋਹਣਾ

ਹੋਰ ਬਾਕੀ ਲੱਗਦੇ ਫਿੱਕੇ ਜੋ।

ਸਭ ਫਿੱਕਾ-ਫਿੱਕਾ ਲੱਗਦਾ ਹੈ,

ਜਦ ਹੋਵੇ ਨਾ ਉਹ ਕਰੀਬ ਮੇਰੇ,

ਮੈਂ ਸੋਹਣੇ ਲੇਖਾਂ ਵਰਗੀ ਹਾਂ,

ਜੋ ਉਸ ਨਾਲ ਲਿਖੇ ਨਸੀਬ ਮੇਰੇ,

ਮੈਂ ਉਹਦਾ ਹੀ ਪਰਛਾਵਾਂ ਹਾਂ,

ਸਭ ਲੇਖ ਉਹਦੇ ਮੇਰੇ ਲਿੱਖੇ ਜੋ,

ਮੈਂ ਸੋਹਣੀ ਮੇਰਾ ਯਾਰ ਸੋਹਣਾ

ਹੋਰ ਬਾਕੀ ਲੱਗਦੇ ਫਿੱਕੇ ਜੋ।

## ਤੇਰੇ ਵਾਸਤੇ

ਮੈਂ ਕੀ ਹਾਂ, ਮੈਂ ਜੋ ਹਾਂ,

ਤੇਰੀ ਹੀ, ਇੱਕ ਲੋਅ ਹਾਂ,

ਤੇਰੇ ਬਿਨਾਂ, ਮੈਂ ਕੁਝ ਨਹੀਂ,

ਜਿਸ ਨਾਲ ਤੂੰ ਹੈਂ, ਹਾਂ ਮੈਂ ਓ ਹਾਂ,

ਕੀ ਕਰਾਂ, ਜੋ ਮੈਂ ਕਰਦੀ,

ਕਰਾਂ ਤੇਰੀ ਆਸ ਤੇ,

ਮੇਰਾ ਜਿਸਮ, ਮੇਰੀ ਰੂਹ,

ਕਿਉਂ, ਕੁਝ ਨਹੀਂ ਸੀ, ਤੇਰੇ ਵਾਸਤੇ ?

ਸੌਂਪ ਦਿੱਤਾ, ਮੈਂ ਮੇਰਾ ਤੈਨੂੰ,

ਤੇ ਤੂੰ, ਦਿਲ ਦੀ ਨਾ ਜਾਣੇ,

ਵਿੰਗ ਪੈ ਗਏ, ਤੇਰੇ ਮਨ ਅੰਦਰ,

ਤੇ ਤੂੰ, ਮੈਨੂੰ ਵੀ ਨਾ ਪਛਾਣੇ,

ਮੇਰੇ ਵਿੱਚੋਂ, ਖੋਹ ਕੇ ਸਭ ਤੂੰ,

ਤੁਰਦਾ, ਫਿਰਦਾ, ਲਾਸ਼ ਤੇ,

ਮੇਰਾ ਜਿਸਮ, ਮੇਰੀ ਰੂਹ,

ਕਿਉਂ, ਕੁਝ ਨਹੀਂ ਸੀ, ਤੇਰੇ ਵਾਸਤੇ ?

ਰੂਹ ਦਾ ਇਸ਼ਕ, ਰਾਸ ਨਾ ਆਇਆ,

ਤੂੰ ਤਾਂ ਨੋਚ, ਹਰਾਮ ਹੀ ਕੀਤਾ,

ਮੈਨੂੰ ਵਿੱਚ, ਕੰਡਿਆਂ ਦੇ ਛੱਡ ਕੇ,

ਤੂੰ ਤਾਂ ਖੁਦ, ਆਰਾਮ ਹੀ ਕੀਤਾ,

ਹੋਰ ਬਣੇ, ਤੇਰੀ ਜਿੰਦਗੀ ਦੇ ਵਿੱਚ,

ਕੌਣ ਕਦੋਂ, ਤੇ ਖਾਸ ਤੇ,

ਮੇਰਾ ਜਿਸਮ, ਮੇਰੀ ਰੂਹ,

ਕਿਉਂ, ਕੁਝ ਨਹੀਂ ਸੀ, ਤੇਰੇ ਵਾਸਤੇ ?

ਮੈਂ ਵੀ ਤਾਂ, ਇੱਕ ਜਾਨ ਹਾਂ,

ਹੁਣ ਤੇਰੇ ਲਈ ਅਨਜਾਣ ਹਾਂ,

ਸੀ ਦਿੱਤਾ ਤੈਨੂੰ, ਰੱਬ ਦਾ ਦਰਜਾ,

ਪਰ ਤੂੰ ਤੇ, ਇੱਕ ਹੈਵਾਨ ਆਂ,

ਵੱਖੋ-ਵੱਖਰੇ ਜਿਸਮ ਤੂੰ ਨੋਚੇ,

ਮਰ ਦਾ ਬਸ ਤੂੰ ਮਾਸ ਤੇ,

ਮੇਰਾ ਜਿਸਮ, ਮੇਰੀ ਰੂਹ,

ਕਿਉਂ, ਕੁਝ ਨਹੀਂ ਸੀ, ਤੇਰੇ ਵਾਸਤੇ ?

ਕੁਝ ਕਮੀਆਂ, ਮੇਰੇ ਵੀ ਅੰਦਰ ਨੇ,

ਸਭ ਤੈਨੂੰ ਨਾ ਮੈਂ ਦੋਸ਼ ਦੇਵਾਂ,

ਤੇਰੀਆਂ ਪੀੜਾਂ ਖੁਦ ਮੈਂ ਹੰਢਾਲੂੰ,

ਨਾ ਤੈਨੂੰ ਮੈਂ ਕੋਈ ਰੋਸ ਦੇਵਾਂ,

ਗਗਨ ਵੇ ਤੂੰ ਤਾਂ, ਹੋਰ ਮਨਾਲੇ,

ਕੁਝ ਮੈਨੂੰ, ਦੱਸ ਦੇ ਜਾਚ ਤੇ,

ਮੇਰਾ ਜਿਸਮ, ਮੇਰੀ ਰੂਹ,

ਕਿਉਂ, ਕੁਝ ਨਹੀਂ ਸੀ, ਤੇਰੇ ਵਾਸਤੇ ?

## ਇਸ਼ਕ ਦੇ ਜਜ਼ਬਾਤ

ਕਿਤੇ ਪਾਗਲ ਨਾ ਹੋ ਜਾਈਏ,

ਇਹ ਇਸ਼ਕ ਦਿਆਂ ਜਜ਼ਬਾਤਾਂ ਤੋਂ,

ਮੈਨੂੰ ਰੱਬ ਵੀ ਅੱਜ ਖੁਸ਼ ਲੱਗਦਾ ਏ,

ਸਾਡੇ ਦਿਲ ਦੇ ਬਣੇ ਹਾਲਾਤਾਂ ਤੋਂ।

ਲੱਗੇ ਫਿਰ ਨਵਾਂ ਦਿਨ ਚੜ੍ਹਿਆ,

ਹੁਣ ਮੁੜ ਹੋਈਆਂ ਰੁਸ਼ਨਾਈਆਂ,

ਕੱਲੇ-ਕੱਲੇ ਰਹਿਣ ਦੀਆਂ,

ਦੂਰ ਹੋਈਆਂ ਤਨਹਾਈਆਂ,

ਅੱਗ ਸੀਨੇ ਦੇ ਵਿੱਚ ਬਲਦੀ,

ਕਈ ਵਾਰ ਹੋਈਆਂ ਮੁਲਾਕਾਤਾਂ ਤੋਂ,

ਕਿਤੇ ਪਾਗਲ ਨਾ ਹੋ ਜਾਈਏ,

ਇਹ ਇਸ਼ਕ ਦਿਆਂ ਜਜ਼ਬਾਤਾਂ ਤੋਂ।

www.punjabilibrary.com

ਰੰਗ ਦੋਵਾਂ ਨੂੰ ਚੜ੍ਹਿਆ,

ਲੱਗੇ ਧਰਤੀ ਅੰਬਰ ਵਰਗੀ,

ਮੇਰੇ ਸੁਪਨਿਆਂ ਨੂੰ ਅੱਜ ਲੱਗਦਾ ਏ,

ਨੀਂਦ ਪੀਂਘ ਝੂਟ ਕੇ ਚੜ ਗਈ,

ਤਾਰਾ ਇੱਕ-ਇੱਕ ਕਰ ਕੇ ਗਿਣਿਆ,

ਖੁਸ਼ ਹੋਵਾਂ ਖੁੱਦ ਦੀਆਂ ਬਾਤਾਂ ਤੋਂ,

ਕਿਤੇ ਪਾਗਲ ਨਾ ਹੋ ਜਾਈਏ,

ਇਹ ਇਸ਼ਕ ਦਿਆਂ ਜਜ਼ਬਾਤਾਂ ਤੋਂ।

ਸਭ ਬਦਲਿਆ-ਬਦਲਿਆ ਲੱਗਦਾ ਏ,

ਲੱਗੇ ਨਵੀਆਂ ਸਦਰਾਂ ਉੱਗੀਆਂ,

ਮੈਂ ਖੁੱਦ ਨੂੰ ਲੱਭਿਆ ਹੁਣ ਹੀ,

ਲੱਗੇ ਰੀਝਾਂ ਸਾਰੀਆਂ ਪੁੱਗੀਆਂ,

ਇਹ ਚਾਨਣ ਦਾ ਪਰਛਾਵਾਂ,

ਲੱਗੇ ਨਿਕਲੇ ਅੱਗ ਦੀਆਂ ਲਾਟਾਂ ਚੋਂ,

ਕਿਤੇ ਪਾਗਲ ਨਾ ਹੋ ਜਾਈਏ,

www.punjabilibrary.com

ਇਹ ਇਸ਼ਕ ਦਿਆਂ ਜਜ਼ਬਾਤਾਂ ਤੋਂ।

ਲੱਗੇ ਮੰਜ਼ਿਲ ਮਿਲ ਗਈ ਮੈਨੂੰ,
ਮੁੱਕ ਗਈਆਂ ਨੇ ਲੰਮੀਆਂ ਪੈੜਾਂ,
ਦਿੱਲ ਛਾਲਾਂ ਮਾਰੇ ਅੰਦਰ,
ਜਿਵੇਂ ਸਾਗਰ ਦੀ ਇਹ ਲਹਿਰਾਂ,
ਜਿਵੇਂ ਸ਼ੰਖ ਵਜਾਵੇ ਨਾਦ ਕੋਈ,
ਰੱਬ ਮਿਲਿਆ ਏ ਸ਼ੁਰੂਆਤਾਂ ਤੋਂ,
ਕਿਤੇ ਪਾਗਲ ਨਾ ਹੋ ਜਾਈਏ,
ਇਹ ਇਸ਼ਕ ਦਿਆਂ ਜਜ਼ਬਾਤਾਂ ਤੋਂ।

ਮੈਂ ਤੇ ਤੂੰ ਦਾ ਫਰਕ ਹੀ ਮਿਟ ਗਿਆ,
ਲੱਗੇ ਬਸ ਮੈਂ ਹੀ ਮੈਂ ਦਾ ਹਾਣੀ ਆਂ,
ਤੂੰ ਮੇਰੇ ਦਿਲ ਦੀਆਂ ਰਮਜ਼ਾਂ ਬੁੱਝੇ,
ਮੈਂ ਤੇਰੇ ਦਿਲ ਦੀ ਜਾਣੀ ਆਂ,
ਇੱਕ-ਮਿੱਕ ਹੋਗੇ, ਪਰਛਾਵਾਂ ਬਣ ਗਏ,

ਫਰਕ ਮਿਟ ਗਿਆ ਦਿਨ ਦਾ ਰਾਤਾਂ ਤੋਂ,

ਕਿਤੇ ਪਾਗਲ ਨਾ ਹੋ ਜਾਈਏ,

ਇਹ ਇਸ਼ਕ ਦਿਆਂ ਜਜ਼ਬਾਤਾਂ ਤੋਂ,

ਮੈਨੂੰ ਰੱਬ ਵੀ ਅੱਜ ਖੁਸ਼ ਲੱਗਦਾ ਏ,

ਸਾਡੇ ਦਿਲ ਦੇ ਬਣੇ ਹਾਲਾਤਾਂ ਤੋਂ।

## ਤੋਹਫ਼ਾ ਜ਼ਿੰਦਗੀ ਦਾ

ਮੈਨੂੰ ਮੇਰੇ ਵਿੱਚੋਂ ਕੱਢ ਕੇ ਤੂੰ,

ਤੇ ਖ਼ੁੱਦ ਵਰਗਾ ਹੀ ਕਰ ਲਿਆ ਏ,

ਤੈਨੂੰ ਰੰਗ ਦੇ ਕੇ ਮੈਂ ਜ਼ਿੰਦਗੀ ਦੇ,

ਰੰਗ ਹੀਣ ਖ਼ੁੱਦ ਨੂੰ ਕਰ ਲਿਆ ਏ,

ਇਹ ਰੰਗ ਬੇ-ਰੰਗ ਜਿਹੇ ਲੱਗਦੇ ਨੇ,

ਜਿਵੇਂ ਲੈ ਗਿਆ ਚੋਰ ਚੁਰਾ ਕੇ ਵੇ,

ਤੂੰ ਜ਼ਿੰਦਗੀ ਮੰਗ ਲਈ ਤੋਹਫ਼ੇ 'ਚ,

ਮੈਨੂੰ ਮਾਰ ਮੁਕਾ ਕੇ ਵੇ।

ਮੈਂ ਕਿਸ ਨੂੰ ਗੱਲ ਸੁਣਾਵਾਂ ਵੇ,

ਮੇਰਾ ਢਿੱਡ ਫੂਕ ਗਿਆ ਸਾਰਾ,

ਮੇਰੇ ਸਾਹ ਵਿੱਚ ਸਾਹ ਹੁਣ ਰਲਦੇ ਨਹੀਂ,

ਮੇਰਾ ਖ਼ੂਨ ਵੀ ਹੋ ਗਿਆ ਖਾਰਾ,

ਮੇਰਾ ਦਿਲ ਧੜਕਣਾ ਬੰਦ ਕਰਦੇ,

ਇਹ ਸੋਚਾਂ ਸਭ ਭੁਲਾ ਕੇ ਵੇ,

ਤੂੰ ਜ਼ਿੰਦਗੀ ਮੰਗ ਲਈ ਤੋਹਫ਼ੇ 'ਚ,

ਮੈਨੂੰ ਮਾਰ ਮੁਕਾ ਕੇ ਵੇ।

ਮੈਨੂੰ ਹੱਥ ਮੇਰੇ 'ਚੋਂ ਬੂ ਆਵੇ,

ਜਿਸ ਨੂੰ ਤੂੰ ਚੁੰਮ ਕੇ ਗਲ ਲਾਇਆ,

ਮੇਰਾ ਜਿਸਮ ਨੋਚ ਕੇ ਛੱਡ ਦਿੱਤਾ,

ਚੇਤੇ ਹਰ ਇੱਕ ਪਲ ਆਇਆ,

ਮੈਨੂੰ ਧੁੱਪ ਵਿੱਚ ਕੰਬਣੀ ਆਵੇ,

ਕੀ ਰੱਖ ਤਾਂ ਤੂੰ ਕਰਾ ਕੇ ਵੇ,

ਤੂੰ ਜ਼ਿੰਦਗੀ ਮੰਗ ਲਈ ਤੋਹਫ਼ੇ 'ਚ,

ਮੈਨੂੰ ਮਾਰ ਮੁਕਾ ਕੇ ਵੇ।

ਮੇਰੀ ਅੱਖ 'ਚੋਂ ਦਿਸਦਾ ਪਾਪ ਮੈਨੂੰ,

ਤੂੰ ਲੁੱਟ-ਪੁੱਟ ਲੈ ਗਿਆ ਏ ਮਾਣ ਸਾਰਾ,

ਤੇਰੀ ਰਾਤ ਸਵੱਲੀ ਕਰਨ ਲਈ,

ਮੇਰਾ ਗਰਕ ਹੋਇਆ ਜਹਾਨ ਸਾਰਾ,

ਹੁਣ ਲੱਗਾ ਜ਼ਮੀਰ ਏ ਡਰਨ ਮੇਰਾ,

ਕਿਵੇਂ ਰੱਖਾਂ ਖੁੱਦ ਲੁਕਾ ਕੇ ਵੇ,

ਤੂੰ ਜ਼ਿੰਦਗੀ ਮੰਗ ਲਈ ਤੋਹਫ਼ੇ 'ਚ,

ਮੈਨੂੰ ਮਾਰ ਮੁਕਾ ਕੇ ਵੇ।

## ਤੇਰੇ ਮੇਰੇ ਅਹਿਸਾਸ

ਕੁਝ ਤੇਰੀਆਂ ,ਕੁਝ ਮੇਰੀਆਂ,

ਹੋਈਆਂ ਜੋ ਸ਼ੁਰੂਆਤਾਂ,

ਜੇ ਮੈਨੂੰ ਨੀਂਦਰ ਆਵੇ ਨਾ,

ਤੂੰ ਵੀ ਜਾਗ ਕੇ ਕੱਟਦੀ ਰਾਤਾਂ,

ਮੈਂ ਤਾਂ ਆਮ ਹਾਂ ਪੱਤਰਾਂ ਵਰਗਾ,

ਤੂੰ ਵਾਂਗ ਹਵਾਵਾਂ ਖਾਸ,

ਬਿਨ ਬੋਲੇ ਹੀ ਸਭ ਦੱਸ ਜਾਂਦੇ,

ਨੇ ਤੇਰੇ ਮੇਰੇ ਅਹਿਸਾਸ।

ਇਸ਼ਕਾਂ ਵਾਲੇ ਬਹੁਤ ਵੇਖੇ ਨੇ,

ਅਹਿਸਾਸ ਇਹੋ ਜਿਹਾ ਲੱਭਣਾ ਨਾ,

ਤੱਕ ਕੇ ਤੈਨੂੰ ਉਮਰ ਹੰਢਾਲਾਂ,

ਦਿਲ ਫੇਰ ਵੀ ਮੇਰਾ ਰੱਜਣਾ ਨਾ,

ਬਹੁਤ ਸੁਨੱਖੇ ਦੇਖੇ ਜੱਗ ਤੇ,

www.punjabilibrary.com

ਨਾ ਆਇਆ ਕੋਈ ਰਾਸ,

ਬਿਨ ਬੋਲੇ ਹੀ ਸਭ ਦੱਸ ਜਾਂਦੇ,

ਨੇ ਤੇਰੇ ਮੇਰੇ ਅਹਿਸਾਸ।

ਮੇਰੇ ਦਿਲ ਦੀ ਜਾਣ ਲਵੇ ਤੂੰ,

ਰਿਸ਼ਤਾ ਹੈ ਜ਼ਜਬਾਤਾਂ ਦਾ,

ਤੇਰੀ ਅੱਖ ਦੀ ਨਮੀਆਂ ਦਾ,

ਤੇ ਮੇਰੇ ਕੁਝ ਹਾਲਾਤਾਂ ਦਾ,

ਤੇਰੇ ਬਿਨ ਮੈਂ ਮੁਰਦਾ ਲਗਦਾ,

ਜਿਵੇਂ ਬਣ ਜਾਵਾਂ ਇੱਕ ਲਾਸ਼,

ਬਿਨ ਬੋਲੇ ਹੀ ਸਭ ਦੱਸ ਜਾਂਦੇ,

ਨੇ ਤੇਰੇ ਮੇਰੇ ਅਹਿਸਾਸ।

ਤੂੰ ਤਾਂ ਰੂਹ ਤੇ ਕਬਜ਼ਾ ਕੀਤਾ,

ਤੇ ਜਿੰਦਰਾ ਲਾਇਆ ਬੂਹੇ ਨੂੰ,

ਅਹਿਸਾਸ ਸਾਰੇ ਨੇ ਬਸ ਤੇਰੇ ਲਈ,

ਤੇਰਾ ਹੱਕ ਹੈ, ਬਸ ਮੈਨੂੰ ਛੂਹੇਂ ਤੂੰ,

ਸਾਰੇ ਜਗ ਨੂੰ ਕੱਢ ਕੇ ਅੰਦਰੋਂ,

ਮੇਰੇ ਡੂੰਘਾ ਕੀਤਾ ਵਾਸ,

ਬਿਨ ਬੋਲੇ ਹੀ ਸਭ ਦੱਸ ਜਾਂਦੇ,

ਨੇ ਤੇਰੇ ਮੇਰੇ ਅਹਿਸਾਸ।

ਤੈਨੂੰ ਫਿਕਰ ਕਿਉਂ ਮੇਰੀ ਰਹਿੰਦੀ,

ਅਹਿਸਾਸ ਤੇਰੇ ਸਭ ਦੱਸ ਜਾਂਦੇ,

ਮੈਂ ਤਾਂ ਕਰਮਾਂ ਵਾਲਾ ਸੱਜਣਾ,

ਜੋ ਦੋਨਾਂ ਅੰਦਰੇ ਵੱਸ ਜਾਂਦੇ,

ਇੱਕ ਦੂਜੇ ਤੋਂ ਵੱਖ ਨਾ ਹੋਈਏ,

ਮੈਂ ਨਹੁੰ ਤੇਰਾ, ਤੂੰ ਮਾਸ,

ਬਿਨ ਬੋਲੇ ਹੀ ਸਭ ਦੱਸ ਜਾਂਦੇ,

ਨੇ ਤੇਰੇ ਮੇਰੇ ਅਹਿਸਾਸ।

## ਹਾਂ ਮੈਂ ਸ਼ਰਮਿੰਦਾ ਹਾਂ

ਮੈਂ ਖੁਦ ਨੂੰ ਸਾਫ਼ ਦਿਖਾਉਣ ਲਈ,

ਹਾਂ ਮੈਂ ਕੀਤੇ ਬੜੇ ਗੁਨਾਹ,

ਜ਼ਮੀਰ ਮੇਰਾ ਮੈਨੂੰ ਨੋਚੇ ਕਿਉਂ,

ਮੈਨੂੰ ਦਿੰਦਾ ਨਹੀਂ ਪਨਾਹ,

ਖੁਦ ਵੱਸਿਆ ਆਲ੍ਹਣੇ ਢਾਹ ਕੇ ਮੈਂ,

ਮੈਂ ਪਾਪੀ ਇੱਕ ਪਰਿੰਦਾ ਹਾਂ,

ਮੈਂ ਕੀਤੇ ਆਪਣੇ ਕਰਮਾਂ ਤੇ,

ਹਾਂ ਮੈਂ ਬਹੁਤ ਸ਼ਰਮਿੰਦਾ ਹਾਂ।

ਪਾਏ ਆਪਣੇ ਮਹਿਲ ਮੈਂ ਲਾਸ਼ਾਂ ਤੇ,

ਬੜੇ ਲੋਕ ਉਜਾੜੇ, ਵੱਸਦੇ ਜੋ,

ਦੇ ਦਿੱਤੇ ਜ਼ਖਮ ਮੈਂ ਗੈਰਾਂ ਨੂੰ,

ਕਈ ਉੱਜੜੇ,ਆਪਣੇ ਹੱਸਦੇ ਜੋ,

ਸਭ ਕੀਤਾ ਚੁੱਪ ਚਪੀਤੇ ਮੈਂ,

ਬਿਨ ਚਾਬੀ ਦਾ ਮੈਂ ਜਿੰਦਾ ਹਾਂ,

ਮੈਂ ਕੀਤੇ ਆਪਣੇ ਕਰਮਾਂ ਤੇ,

ਹਾਂ ਮੈਂ ਬਹੁਤ ਸ਼ਰਮਿੰਦਾ ਹਾਂ।

ਔਰਤ ਦੇ ਜਿਸਮ ਨਾ ਖੇਡਿਆ ਮੈਂ,

ਉਹ ਦੀ ਰੂਹ ਵੀ ਮੈਨੂੰ ਨੋਚੇ ਹੁਣ,

ਹੱਕਦਾਰ ਸਜਾਵਾਂ ਵੱਡੀਆਂ ਦਾ,

ਇਹ ਅੰਤਰ ਮਨ ਮੇਰਾ ਸੋਚੇ ਹੁਣ,

ਨਾ ਧੀ ਜਾਣੀ, ਨਾ ਭੈਣ ਜਾਣੀ,

ਸਭ ਕੀਤਾ ਵਾਲ ਵਲਿੰਗਾ ਹਾਂ,

ਮੈਂ ਕੀਤੇ ਆਪਣੇ ਕਰਮਾਂ ਤੇ,

ਹਾਂ ਮੈਂ ਬਹੁਤ ਸ਼ਰਮਿੰਦਾ ਹਾਂ।

ਮੈਂ ਬਹੁਤ ਉਜ਼ਾੜੀਆਂ ਕੁੱਖਾਂ ਨੇ,

ਕਦੇ ਨਸ਼ੇ ਲਈ, ਹਥਿਆਰਾਂ ਲਈ,

ਸਭ ਕਰਦਾ ਤਕੜੇ ਹੋਣ ਲਈ,

ਸਭ ਪੈਸਿਆਂ ਵਾਲੇ ਹਾਰਾਂ ਲਈ,

ਸਭ ਉਜੜੇ ਮੇਰੇ ਕਰਕੇ ਨੇ,

ਮੇਰਾ ਜਿਸਮ ਖ਼ੂਨ ਨਾਲ ਥਿੰਦਾ ਹਾਂ,

ਮੈਂ ਕੀਤੇ ਆਪਣੇ ਕਰਮਾਂ ਤੇ,

ਹਾਂ ਮੈਂ ਬਹੁਤ ਸ਼ਰਮਿੰਦਾ ਹਾਂ।

ਬੇਦੋਸ਼ੇ ਕਤਲ ਵੀ ਕੀਤੇ ਨੇ,

ਬੇਜ਼ੁਬਾਨ ਮਾਰੇ ਮੈਂ ਸਵਾਦਾਂ ਲਈ,

ਹਰ ਕਰਮ ਬੁਰਾ ਮੈਂ ਕੀਤਾ ਹੈ,

ਕੁਝ ਤਾੜੀਆਂ ਕੁਝ ਅਵਾਜਾਂ ਲਈ,

ਨਾ ਬੱਚੇ ਨਾ ਬਜ਼ੁਰਗ ਦਿਸੇ,

ਬਸ ਪੈਰੀਂ ਵਛਾਈਆਂ ਖਿੰਗਾਂ ਹਾਂ,

ਮੈਂ ਕੀਤੇ ਆਪਣੇ ਕਰਮਾਂ ਤੇ,

ਹਾਂ ਮੈਂ ਬਹੁਤ ਸ਼ਰਮਿੰਦਾ ਹਾਂ।

ਅੱਜ ਰੂਹ ਨੋਚਦੀ ਮੇਰੀ ਕਿਉਂ,

ਮੈਂ ਖੁਦ ਨੂੰ ਕਰਾਂ ਸਵਾਲ ਬੜੇ,

ਮੈਨੂੰ ਘੁਣ ਵਾਗੂੰ ਕੋਈ ਖਾਂਦਾ ਏ,

ਮੇਰੇ ਅੰਦਰ ਹੋਣ ਬਵਾਲ ਬੜੇ,

ਜੋ ਮਾਫ਼ੀ ਦਾ ਹੱਕਦਾਰ ਨਹੀਂ,

ਮੈਂ ਉੱਡਦਾ ਉਹੀ ਭਰਿੰਡਾ ਹਾਂ,

ਮੈਂ ਕੀਤੇ ਆਪਣੇ ਕਰਮਾਂ ਤੇ,

ਹਾਂ ਮੈਂ ਬਹੁਤ ਸ਼ਰਮਿੰਦਾ ਹਾਂ।

# ਮੈਂ ਤੇ ਮੇਰੀ ਕਵਿਤਾ

ਮੇਰੀ ਸੋਚ ਦੇ ਜਿਹੜੇ ਅੱਖਰ ਨੇ,

ਮੈਨੂੰ ਇੱਕ-ਇੱਕ ਕਰਕੇ ਮਿਲਦੇ ਨੇ,

ਇਹ ਕਿੱਥੋਂ-ਕਿੱਥੋਂ ਆ ਜਾਂਦੇ,

ਰੰਗ ਰੱਤੜੇ ਮੇਰੇ ਦਿਲ ਦੇ ਨੇ,

ਮੇਰੇ ਖਿਆਲ ਮੇਰੇ ਅਹਿਸਾਸਾਂ ਨਾਲ,

ਸਭ ਕਰਦੇ ਆਣ ਲੜ੍ਹਾਈ ਆ,

ਮੈਂ ਤੇ ਮੇਰੀ ਕਵਿਤਾ,

ਦੋਨੋ ਹੀ ਸ਼ੁਦਾਈ ਆ।

ਬਸ ਅੱਖਰ ਮੇਰੇ ਦੱਸਦੇ ਨੇ,

ਕੇ ਰੁੱਸ ਜਾਂਦੇ ਜਜ਼ਬਾਤ ਮੇਰੇ,

ਕਦੇ ਕਰਨ ਬਿਆਨ ਕਹਾਣੀ ਨੂੰ,

ਕਦੇ ਦੱਸਦੇ ਨੇ ਹਾਲਾਤ ਮੇਰੇ,

ਕਦੇ ਕਿੱਸੇ ਛੇੜਣ ਹਿਜ਼ਰਾਂ ਦੇ,

ਕਦੇ ਇਸ਼ਕ ਦੀ ਗੱਲ ਦਹੁਰਾਈ ਆ,

ਮੈਂ ਤੇ ਮੇਰੀ ਕਵਿਤਾ,

ਦੋਨੋ ਹੀ ਸ਼ੁਦਾਈ ਆ।

ਕਦੇ ਛੇੜਖਾਨੀ ਹੈ ਕੁਦਰਤ ਨਾਲ,

ਕਦੇ ਬੱਦਲ, ਬਾਰਿਸ਼, ਹਵਾਵਾਂ ਨਾਲ,

ਕਦੇ ਗਰਮੀ ਸੂਰਜ ਕਿਰਨਾਂ ਦੀ,

ਕਦੇ ਧੁੱਪ ਤੇ ਠੰਡੀਆਂ ਛਾਵਾਂ ਨਾਲ,

ਕਦੇ ਰੱਬ ਨੂੰ ਮਾੜਾ ਤੱਕਿਆ ਮੈਂ,

ਕਦੇ ਉਸ ਦੀ ਹੀ ਖੁਦਾਈ ਆ,

ਮੈਂ ਤੇ ਮੇਰੀ ਕਵਿਤਾ,

ਦੋਨੋ ਹੀ ਸ਼ੁਦਾਈ ਆ।

ਕਦੇ ਮਾਂ ਨੂੰ ਕਰਾਂ ਪੁਕਾਰ ਕੋਈ,

ਕਦੇ ਪਿਉ ਦੇ ਸਭ ਉਪਕਾਰਾਂ ਦੀ,

ਕਦੇ ਕਲਮ ਮੈਂ ਬਾਗੀ ਕਰ ਬੈਠਾ,

ਕਦੇ ਗੱਲ ਕਰਦਾ ਤਲਵਾਰਾਂ ਦੀ,

ਕਦੇ ਲਿਖ ਦੇਵਾਂ ਇਤਿਹਾਸ ਕੋਈ,

ਜੋ ਖ਼ੂਨਾਂ ਨਾਲ ਲਿਖਾਈ ਆ,

ਮੈਂ ਤੇ ਮੇਰੀ ਕਵਿਤਾ,

ਦੋਨੋ ਹੀ ਸ਼ੁਦਾਈ ਆ।

ਜਦ ਚੰਗਾ ਮਾੜਾ ਲਿਖਦਾ ਮੈਂ,

ਮੇਰੀ ਸੋਚ ਗੰਦੇੜੀ ਲੱਗਦੀ ਹੈ,

ਜਦ ਰੂਹ ਜਿਸਮਾਂ ਦੀ ਗੱਲ ਕਰਦਾ,

ਨਦੀ ਅੱਖਰਾਂ ਦੀ ਕੋਈ ਵਗਦੀ ਹੈ,

ਕਦੇ ਪੰਛੀ, ਜਾਤ ਤੇ ਧਰਮਾਂ ਦੀ,

ਇਹ ਸਭ ਹੀ ਕਲਮ ਦਿਖਾਈ ਆ,

ਮੈਂ ਤੇ ਮੇਰੀ ਕਵਿਤਾ,

ਦੋਨੋ ਹੀ ਸ਼ੁਦਾਈ ਆ।

ਹਰ ਅੱਖਰ ਮੇਰਾ ਸੱਚਾ ਨਾ,

ਪਰ ਲਿਖਦਾ ਮੈਂ ਅਹਿਸਾਸਾਂ ਨਾਲ,

ਹਰ ਮੁੱਦਾ ਲਿਖਣਾ ਆਉਂਦਾ ਹੈ,

ਮੇਰੀ ਕਲਮ ਤਾਂ ਚੱਲਦੀ ਆਸਾਂ ਨਾਲ,

ਮੈਂ ਕਵੀ ਹਾਂ ਕੋਈ ਚੋਰ ਨਹੀਂ,

ਜੋ ਜਾਵਾਂ ਨਜ਼ਰ ਬਚਾਈ ਆ,

ਮੈਂ ਤੇ ਮੇਰੀ ਕਵਿਤਾ,

ਦੋਨੋ ਹੀ ਸ਼ੁਦਾਈ ਆ।

# ਦੀਪ ਗਗਨ

**+91 8289000293**


**(ਇਸ ਕਿਤਾਬ ਬਾਰੇ ਆਪਣੇ ਵਿਚਾਰ ਪੇਸ਼ ਕਰਨ ਲਈ ਜਾਂ ਹੋਰ ਰਚਨਾਵਾਂ ਪੜ੍ਹਨ ਲਈ ਆਪ ਮੈਨੂੰ ਵੱਟਸਐੱਪ ਜਾਂ ਫੋਨ ਕਰ ਸਕਦੇ ਹੋ।)**

Instagram


@preet_di_shayari

**E-Mail**

**gagandeep0908@gmail.com**


**Read more like this at**

**www.punjabilibrary.com**